Fair Advice Financial | Carte Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact :
647-951-7900
SUKHWINDER NAHAL CFP, CLU
Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ
# ਪੰਜਾਬੀ ਪੌਸਟ
Award winning news paper | Canadian Punjabi Post
Vol 20*Issue 92 Monday, May 10, 2021 Tel: 905-793-2202 | Fax: 905-793-2282 | news@punjabipost.ca
To view our online newspaper visit punjabipost.ca/epaper THE ONLY DAILY PUNJABI NEWSPAPER ਹੁਣ ਤੁਸੀਂ 'ਪੰਜਾਬੀ ਪੋਸਟ' Onlineਰੋਜ਼ਾਨਾ ਪੜ੍ਹ ਸਕਦੇ ਹੋ

JOSHI LAW OFFICE
Barrister, Solicitor & Notary Public
Immigration
Real Estate
Commercial Law
Affidavit
Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

## ਗਰਭਵਤੀ ਮਹਿਲਾਵਾਂ ਲਈ ਨਾਂਹ ਨਾਲੋਂ ਬਿਹਤਰ ਹੈ ਕੋਵਿਡ-19 ਵੈਕਸੀਨ ਦਾ ਇੱਕ ਸ਼ੌਟ!



ਟੋਰਾਂਟੋ, 9 ਮਈ (ਪੋਸਟ ਬਿਊਰੋ) :ਕੋਵਿਡ-19 ਵੈਕਸੀਨ ਦੀਆਂ ਦੋ ਡੋਜ਼ਾਂ ਦਰਮਿਆਨ ਵਕਫਾ ਵੱਧ ਜਾਣ ਕਾਰਨ ਕੁੱਝ ਗਰਭਵਤੀ ਕੈਨੇਡੀਅਨ ਮਹਿਲਾਵਾਂ ਆਪਣੀ ਡਲਿਵਰੀ ਤੋਂ ਪਹਿਲਾਂ ਪੂਰਾ ਟੀਕਾਕਰਣ ਨਹੀਂ ਕਰਵਾ ਸਕਣਗੀਆਂ।

ਗਰਭਵਤੀ ਮਹਿਲਾਵਾਂ ਨੂੰ ਕੋਵਿਡ-19 ਦਾ ਖਤਰਾ ਵਧੇਰੇ ਹੋਣ ਤੇ ਉਨ੍ਹਾਂ ਵੱਲੋਂ ਆਪਣੇ ਅਣਜੰਮੇਂ ਬੱਚਿਆਂ ਤੱਕ ਐਂਟੀਬੌਡੀਜ਼ ਪਾਸ ਕਰਨ ਕਾਰਨ ਕਈ ਪ੍ਰੋਵਿੰਸਾਂ ਨੇ ਗਰਭਵਤੀ ਮਹਿਲਾਵਾਂ ਦਾ ਟੀਕਾਕਰਣ ਪਹਿਲ ਦੇ ਆਧਾਰ ਉੱਤੇ ਕਰਨ ਦਾ ਫੈਸਲਾ ਕੀਤਾ ਹੈ।ਪਰ ਕਈ ਮਹਿਲਾਵਾਂ ਨੂੰ ਬੱਚੇ ਦੇ ਜਨਮ ਤੋਂ ਪਹਿਲਾਂ ਦੂਜੀ ਡੋਜ਼ ਨਾ ਲੱਗਣ ਕਾਰਨ ਕਈ ਮਾਪੇ ਪਰੇਸ਼ਾਨ ਹਨ। ਕ੍ਰਿਸਟਨ ਗੌਇਟਲਿਚਰ ਨਾਂ ਦੀ ਮਹਿਲਾ ਨੇ ਦੱਸਿਆ ਕਿ ਵੈਕਸੀਨ ਦੀਆਂ ਦੋ ਡੋਜ਼ਾਂ ਵਿੱਚ 16 ਹਫਤੇ ਦਾ ਅੰਤਰਾਲ ਕਾਫੀ ਜ਼ਿਆਦਾ ਹੈ।

ਉਹ 25 ਹਫਤਿਆਂ ਦੀ ਗਰਭਵਤੀ ਹੈ ਤੇ ਉਸ ਨੂੰ ਪਹਿਲੀ ਡੋਜ਼ ਮਾਰਚ ਵਿੱਚ ਲੱਗੀ ਸੀ। 16 ਹਫਤਿਆਂ ਦੇ ਫਰਕ ਨਾਲ ਉਸ ਦੀ ਦੂਜੀ ਡੋਜ਼ 41ਵੇਂ ਹਫਤੇ ਬਣਦੀ ਹੈ।ਉਹ ਥੰਡਰ ਬੇਅ, ਓਨਟਾਰੀਓ ਵਿੱਚ ਮੈਡੀਕਲ ਲੈਬੌਰਟਰੀ ਟੈਕਨੌਲੋਜਿਸਟ ਹੈ।ਉਸ ਨੇ ਆਖਿਆ ਕਿ ਜਦੋਂ ਤੱਕ ਉਸ ਨੂੰ ਦੂਜੀ ਡੋਜ਼ ਲੱਗੇਗੀ ਉਦੋਂ ਤੱਕ ਉਹ ਜਾਂ ਤਾਂ ਬੱਚੇ ਨੂੰ ਜਨਮ ਦੇਣ ਵਾਲੀ ਹੋਵੇਗੀ, ਜਾਂ ਦੇ ਚੁੱਕੀ ਹੋਵੇਗੀ।ਸੱਭ ਜਾਣਦੇ ਹਨ ਕਿ ਵੈਕਸੀਨ ਦੀ ਡੋਜ਼ ਨਾਲ ਬੁਖਾਰ, ਥਕਾਣ ਤੇ ਕਈ ਤਰ੍ਹਾਂ ਦੇ ਹੋਰ ਲੱਛਣ ਵੀ ਹੁੰਦੇ ਹਨ ਤੇ ਜਣੇਪੇ ਦੌਰਾਨ ਜਾਂ ਉਸ ਤੋਂ ਤੁਰੰਤ ਬਾਅਦ ਉਹ ਇਸ ਤਰ੍ਹਾਂ ਦਾ ਰਿਸਕ ਨਹੀਂ ਲੈ ਸਕਦੀ।

ਪਰ ਇੱਕ ਫਰਟਿਲਿਟੀ ਮਾਹਿਰ ਦਾ ਕਹਿਣਾ ਹੈ ਕਿ ਕਿਸੇ ਡੋਜ਼ ਦੇ ਨਾ ਲਾਏ ਜਾਣ ਨਾਲੋਂ ਇੱਕ ਡੋਜ਼ ਤਾਂ ਚੰਗੀ ਹੈ। ਇੱਕ ਇੰਟਰਵਿਊ ਵਿੱਚ ਪੈਸੇਫਿਕ ਸੈਂਟਰ ਫੌਰ ਰੀਪ੍ਰੋਡਕਟਿਵ ਮੈਡੀਸਿਨ ਦੀ ਪਾਰਟਨਰ ਤੇ ਕੋ-ਡਾਇਰੈਕਟਰ ਡਾ• ਕੇਟਲੀਨ ਡਿਊਨ ਨੇ ਆਖਿਆ ਕਿ ਇਸ ਤਰ੍ਹਾਂ ਦੀ ਪਰੇਸ਼ਾਨੀ ਕਈ ਮਹਿਲਾਵਾਂ ਨੂੰ ਹੈ ਪਰ ਹਕੀਕਤ ਇਹ ਹੈ ਕਿ ਜਿਹੜੀਆਂ ਮਹਿਲਾਵਾਂ ਗਰਭਵਤੀ ਹਨ ਜਾਂ ਆਪਣਾ ਪਰਿਵਾਰ ਅੱਗੇ ਵਧਾਉਣ ਦੀ ਯੋਜਨਾ ਬਣਾ ਰਹੀਆਂ ਹਨ ਉਨ੍ਹਾਂ ਨੂੰ ਕੋਵਿਡ-19 ਵੈਕਸੀਨ ਲਵਾਉਣੀ ਬਹੁਤ ਜ਼ਰੂਰੀ ਹੈ। ਉਨ੍ਹਾਂ ਆਖਿਆ ਕਿ ਵੈਕਸੀਨ ਦੀ ਇੱਕ ਡੋਜ਼ ਵੀ ਮਾਂ ਤੇ ਬੱਚੇ ਦੀ ਹਿਫਾਜ਼ਤ ਲਈ ਕਾਫੀ ਹੈ ਕਿਉਂਕਿ ਮਾਂ ਤੋਂ ਗਰਭ ਵਿੱਚ ਪਲ ਰਹੇ ਬੱਚੇ ਨੂੰ ਪੈਸਿਵ ਐਂਟੀਬੌਡੀਜ਼

Best Insurance Rates
*Life *Auto *Home *Business
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Dir: 647-400-2949
Amanpreet S. Batth R.I.B.O
Axael Insurance Brokers Ltd.
1550 South Gateway Rd. Suite 220 Mississauga, ON L4W 5G6

NOW HIRING !!!
ALLKIND INSURANCE
•Life Insurance •Super Visa Insurance
•Critical illness Ins •Mortgage Insurance
•Travel & Visitor Ins •Disability Insurance
•RESP & TFSA & RRSP •Funeral Insurance
SIMRAN SAINI
416.994.7272
www.allkindinsurance.com

INSURANCE
○Home ○Auto
○Business ○Trucking
○Life Insurance ○Commercial
647-206-2452
Sukhwinder K Singh
CONNEX
7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352)
Manwinder Mangat
Axael InsuranceBrokers Ltd.
1332 Khalsa Dr, Unit # 11, Mississauga, ON L5S 0A2

Royal Pest Control
Residential Commercial Industrial
Specialist in Bedbugs Service
All Pest Control :
•Mouse & Rats •Spiders & Fleas •Bedbugs •Wasps
•Cockroaches •Carpenter Ants •Silver Fish •Racoons
Call : PARESH PATEL
(Government Approved Licensed Technician)
416 938 4598

Law Office of Aman Sharma
-Real Estate -Commercial Lease
-Business Purchase & Sale
-Notarizations & Affidavits
-Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6
Brampton, ON, L6P 3W4
Aman Sharma
Open Saturday
Providing excellent quality legal services to our clients

KELLEY LAW OFFICE
Immigration Real Estate
Family Law Business Closing
Corporate Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley
Barrister, Solicitor & Notary Public
905-362-0755

## ਵੈਨਕੂਵਰ ਏਅਰਪੋਰਟ ਦੇ ਬਾਹਰ ਗੋਲੀ ਮਾਰ ਕੇ ਕੀਤਾ ਗਿਆ ਇਕ ਵਿਅਕਤੀ ਦਾ ਕਤਲ




ਵੈਨਕੂਵਰ, 9 ਮਈ (ਪੋਸਟ ਬਿਊਰੋ) : ਐਤਵਾਰ ਦੁਪਹਿਰ ਨੂੰ ਰਿਚਮੰਡ, ਬੀਸੀ ਦੇ ਵੈਨਕੂਵਰ ਇੰਟਰਨੈਸ਼ਨਲ ਏਅਰਪੋਰਟ ਦੇ ਮੁੱਖ ਟਰਮੀਨਲ ਦੇ ਬਾਹਰ ਇੱਕ ਵਿਅਕਤੀ ਨੂੰ ਗੋਲੀ ਮਾਰ ਕੇ ਮਾਰੇ ਜਾਣ ਦੇ ਮਾਮਲੇ ਦੀ ਹੋਮੀਸਾਈਡ ਡਿਟੈਕਟਿਵਸ ਵੱਲੋਂ ਜਾਂਚ ਕੀਤੀ ਜਾ ਰਹੀ ਹੈ।

ਟਵੀਟ ਵਿੱਚ ਇੰਟੇਗ੍ਰੇਟਿਡ ਹੋਮੀਸਾਈਡ ਇਨਵੈਸਟੀਗੇਸ਼ਨ ਟੀਮ ਵੱਲੋਂ ਇਸ ਕਤਲ ਦੀ ਪੁਸ਼ਟੀ ਕੀਤੀ ਗਈ। ਬੀਸੀ ਐਮਰਜੰਸੀ ਹੈਲਥ ਸਰਵਿਸਿਜ਼ ਦੇ ਬੁਲਾਰੇ ਨੇ ਆਖਿਆ ਕਿ ਏਅਰਪੋਰਟ ਉੱਤੇ ਮੌਜੂਦ ਬਾਈਸਾਈਕਲ ਪੈਰਾਮੈਡਿਕਸ ਦੁਪਹਿਰੇ 3:00 ਵਜੇ ਤੋਂ ਪਹਿਲਾਂ ਘਟਨਾ ਵਾਲੀ ਥਾਂ ਉੱਤੇ ਪਹੁੰਚੇ। ਸੂਟਿੰਗ ਤੋਂ ਬਾਅਦ ਦੋ ਐਂਬੂਲੈਂਸਾਂ ਵੀ ਏਅਰਪੋਰਟ ਰਵਾਨਾ ਕੀਤੀਆਂ ਗਈਆਂ ਪਰ ਕਿਸੇ ਨੂੰ ਹਸਪਤਾਲ ਨਹੀਂ ਲਿਜਾਇਆ ਗਿਆ।

ਘਟਨਾ ਵਾਲੀ ਥਾਂ ਦੇ ਆਲੇ ਦੁਆਲੇ ਪੁਲਿਸ ਵੱਲੋਂ ਟੇਪ ਲਾ ਦਿੱਤੀ ਗਈ ਹੈ ਤੇ ਆਲੇ ਦੁਆਲੇ ਨੂੰ ਕਵਰ ਕਰ ਦਿੱਤਾ ਗਿਆ ਹੈ ਤਾਂ ਕਿ ਲੋਕ ਸੂਟਿੰਗ ਵਾਲੀ ਥਾਂ ਨੂੰ ਨਾ ਵੇਖ ਸਕਣ। ਪੁਲਿਸ ਵੱਲੋਂ ਮਸ਼ਕੂਕਾਂ ਦੀ ਭਾਲ ਕੀਤੀ ਜਾ ਰਹੀ ਹੈ। ਪੁਲਿਸ ਨੇ ਕੈਨੇਡਾ ਦੇ ਕਈ ਲਾਈਨ ਸਟੇਸ਼ਨਜ਼ ਤੇ ਏਅਰਪੋਰਟ ਦੇ ਨੇੜੇ ਤੇੜੇ ਦੀਆਂ ਕਈ ਮੇਨ ਰੋਡਜ਼ ਨੂੰ ਬੰਦ ਕਰ ਦਿੱਤਾ ਹੈ।ਮੈਟਰੋ ਵੈਨਕੂਵਰ ਟਰਾਂਜ਼ਿਟ ਪੁਲਿਸ ਨੇ ਦੱਸਿਆ ਕਿ ਸਕਾਇ ਟਰੇਨ ਨੂੰ ਬੰਦ ਕੀਤਾ ਜਾਣਾ ਅਹਿਤਿਆਤਨ ਚੁੱਕਿਆ ਗਿਆ ਕਦਮ ਹੈ।

ਦੁਪਹਿਰੇ 4:00 ਵਜੇ ਸੜਕਾਂ ਉੱਤੇ ਆਵਾਜਾਈ ਮੁੜ ਖੋਲ੍ਹ ਦਿੱਤੀ ਗਈ ਤੇ ਏਅਰਪੋਰਟ ਨੂੰ ਜਾਣ ਵਾਲੀ ਕੈਨੇਡਾ ਲਾਈਨ ਮੁੜ ਸ਼ੁਰੂ ਕਰ ਦਿੱਤੀ ਗਈ। ਏਅਰਪੋਰਟ ਨੇ ਆਖਿਆ ਕਿ ਇਸ ਘਟਨਾ ਦੇ ਸਬੰਧ ਵਿੱਚ ਉਹ ਆਰਸੀਐਮਪੀ ਨਾਲ ਰਲ ਕੇ ਕੰਮ ਕਰ ਰਿਹਾ ਹੈ।

## ਬਰਥਡੇਅ ਪਾਰਟੀ ਉੱਤੇ ਗੋਲੀਆਂ ਚਲਾ ਕੇ ਇੱਕ ਗੰਨਮੈਨ ਨੇ ਛੇ ਵਿਅਕਤੀਆਂ ਦੀ ਲਈ ਜਾਨ, ਖੁਦ ਨੂੰ ਵੀ ਮਾਰੀ ਗੋਲੀ




ਕੋਲੋਰਾਡੋ, 9 ਮਈ (ਪੋਸਟ ਬਿਊਰੋ) : ਐਤਵਾਰ ਨੂੰ ਕੋਲੋਰਾਡੋ ਵਿੱਚ ਇੱਕ ਬਰਥਡੇਅ ਪਾਰਟੀ ਉੱਤੇ ਗੋਲੀਆਂ ਚਲਾ ਕੇ ਇੱਕ ਗੰਨਮੈਨ ਨੇ ਛੇ ਵਿਅਕਤੀਆਂ ਦੀ ਜਾਨ ਲੈ ਲਈ ਤੇ ਫਿਰ ਖੁਦ ਨੂੰ ਵੀ ਗੋਲੀ ਮਾਰ ਲਈ। ਇਹ ਜਾਣਕਾਰੀ ਪੁਲਿਸ ਨੇ ਦਿੱਤੀ।

ਪੁਲਿਸ ਨੇ ਦੱਸਿਆ ਕਿ ਇਹ ਸੂਟਿੰਗ ਕੋਲੋਰਾਡੋ ਸਪਰਿੰਗਜ਼ ਦੇ ਪੂਰਬ ਵੱਲ ਇੱਕ ਮੋਬਾਈਲ ਹੋਮ ਪਾਰਕ ਵਿੱਚ ਅੱਧੀ ਰਾਤ ਨੂੰ ਵਾਪਰੀ। ਮੌਕੇ ਉੱਤੇ ਪਹੁੰਚੇ ਪੁਲਿਸ ਅਧਿਕਾਰੀਆਂ ਨੂੰ ਇੱਕ ਟਰੇਲਰ ਵਿੱਚ ਛੇ ਵਿਅਕਤੀ ਮ੍ਰਿਤਕ ਮਿਲੇ ਜਦਕਿ ਇੱਕ ਵਿਅਕਤੀ ਗੰਭੀਰ ਰੂਪ ਵਿੱਚ ਜ਼ਖ਼ਮੀ ਹਾਲਤ ਵਿੱਚ ਮਿਲਿਆ, ਬਾਅਦ ਵਿੱਚ ਹਸਪਤਾਲ ਵਿੱਚ ਉਸ ਦੀ ਮੌਤ ਹੋ ਗਈ।ਸੂਟਰ ਅਸਲ ਵਿੱਚ ਪਾਰਟੀ ਵਿੱਚ ਹਿੱਸਾ ਲੈਣ ਗਈ ਇੱਕ ਲੜਕੀ ਦਾ ਬੁਆਇਫਰੈਂਡ ਸੀ। ਇਸ ਪਾਰਟੀ ਵਿੱਚ ਪਰਿਵਾਰਕ ਮੈਂਬਰ, ਦੋਸਤ ਤੇ ਬੱਚੇ ਸ਼ਾਮਲ ਸਨ। ਪੁਲਿਸ ਨੇ ਦੱਸਿਆ ਕਿ ਸੂਟਰ ਮੌਕੇ ਉੱਤੇ ਪਹੁੰਚਿਆ ਤੇ ਉਸ ਨੇ ਖੁਦ ਨੂੰ ਗੋਲੀ ਮਾਰਨ ਤੋਂ ਪਹਿਲਾਂ ਹੋਰਨਾਂ ਨੂੰ ਗੋਲੀਆਂ ਨਾਲ ਫੁੰਡ ਦਿੱਤਾ।

ਇਹ ਬਰਥਡੇਅ ਪਾਰਟੀ ਇਸ ਘਟਨਾ ਵਿੱਚ ਮਾਰੇ ਗਏ ਇੱਕ ਬਾਲਗ ਦੀ ਸੀ। ਪੁਲਿਸ ਵੱਲੋਂ ਨਾ ਤਾਂ ਸੂਟਰ ਦੀ ਤੇ ਨਾ ਹੀ ਇਸ ਘਟਨਾ ਵਿੱਚ ਮਾਰੇ ਗਏ ਲੋਕਾਂ ਦੀ ਪਛਾਣ ਜ਼ਾਹਿਰ ਕੀਤੀ ਗਈ ਹੈ। ਅਧਿਕਾਰੀਆਂ ਦਾ ਕਹਿਣਾ ਹੈ ਕਿ ਇਸ ਘਟਨਾ ਦੇ ਮੰਤਵ ਦਾ ਪਤਾ ਨਹੀਂ ਲੱਗ ਸਕਿਆ ਹੈ।

## ਨਵਜੋਤ ਸਿੱਧੂ ਵੱਲੋਂ ਨਵਾਂ ਦੋਸ਼: ਬਾਦਲ ਪਰਿਵਾਰ ਦੀ ਇੱਛਾ ਮੁਤਾਬਕ ਚੱਲਦੀ ਹੈ ਪੰਜਾਬ ਦੀ ਸਰਕਾਰ



ਚੰਡੀਗੜ੍ਹ, 9 ਮਈ, (ਪੋਸਟ ਬਿਊਰੋ)- ਪੰਜਾਬ ਦੇ ਕਾਂਗਰਸੀ ਆਗੂ ਅਤੇਸਾਬਕਾ ਲੋਕਲ ਬਾਡੀਜ਼ ਮੰਤਰੀ ਨਵਜੋਤ ਸਿੰਘ ਸਿੱਧੂਅੱਜਕੱਲ੍ਹ ਖੁੱਲ੍ਹ ਕੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦਾ ਵਿਰੋਧ ਕਰਨ ਲੱਗੇ ਹਨ।

ਅੱਜ ਨਵਜੋਤ ਸਿੱਧੂ ਨੇ ਸੋਸ਼ਲ ਮੀਡੀਆ ਉੱਤੇਨਵਾਂ ਹਮਲਾ ਕਰਦੇ ਹੋਏ ਕਿਹਾ ਕਿ ਪੰਜਾਬ ਦੇ ਵਧੇਰੇ ਵਿਧਾਇਕਾਂ ਦੀ ਇਸ ਗੱਲ ਉੱਤੇ ਸਹਿਮਤੀ ਹੈ ਕਿ ਪੰਜਾਬ ਵਿੱਚ ਕਾਂਗਰਸ ਦੀ ਸਰਕਾਰ ਦੀ ਥਾਂ ਬਾਦਲਾਂ ਦੀ ਹਕੂਮਤ ਬਣ ਕੇ ਚੱਲਦੀ ਪਈ ਹੈ।ਸਿੱਧੂ ਨੇ ਇਹ ਵੀ ਦੋਸ਼ ਲਾਇਆ ਕਿ ਸਾਡੇ ਵਿਧਾਇਕਾਂ ਤੇ ਪਾਰਟੀ ਵਰਕਰਾਂ ਦੀ ਗੱਲ ਸੁਣਨ ਦੀ ਥਾਂਸਿਵਲ ਦੇ ਅਫ਼ਸਰ ਅਤੇ ਪੁਲਸ ਦੇ ਸਾਰੇ ਅਧਿਕਾਰੀ ਬਾਦਲ ਪਰਿਵਾਰ ਦੀ ਇੱਛਾ ਮੁਤਾਬਕ ਕੰਮ ਕਰਦੇ ਹਨ ਅਤੇ ਪੰਜਾਬ ਸਰਕਾਰ ਲੋਕ ਭਲਾਈ ਲਈ ਨਹੀਂ, ਸਗੋਂ ਮਾਫੀਆ ਰਾਜ ਨੂੰ ਕਾਇਮ ਰੱਖਣ ਲਈ ਚੱਲ ਰਹੀ ਹੈ।

ਵਰਨਣ ਯੋਗ ਹੈ ਕਿ ਬੀਤੇ ਸ਼ਨੀਵਾਰ ਨਵਜੋਤ ਸਿੰਘ ਸਿੱਧੂ ਨੇ ਸੋਸ਼ਲ ਮੀਡੀਆ ਉੱਤੇ ਕੈਪਟਨ ਅਮਰਿੰਦਰ ਸਿੰਘ ਦੇ ਖਿਲਾਫ ਕਿਹਾ ਸੀ ਕਿ 'ਅਫ਼ਸੋਸ! ਗ੍ਰਹਿ ਮੰਤਰੀ ਆਪਣੀਅਯੋਗਤਾ ਕਰਕੇ ਸਰਕਾਰ ਹਾਈਕੋਰਟ ਦੇ ਉਹ ਵੀ ਹੁਕਮ ਮੰਨਣ ਲਈ ਮਜ਼ਬੂਰ ਹੈ, ਜਿਸ ਦੇ ਵਿਰੁੱਧ ਪੰਜਾਬ ਦੇ ਲੋਕ ਖੜ੍ਹੇ ਹਨ। ਨਵੀਂ ਸਿਟ (ਐੱਸ ਆਈ ਟੀ) ਨੂੰ 6 ਮਹੀਨੇ ਹੋਰ ਦੇਣ ਦਾ ਮਤਲਬ ਸਰਕਾਰ ਦੇ ਸਭ ਤੋਂ ਵੱਡੇ ਚੋਣ ਵਾਅਦੇ ਨੂੰ ਬਦਕਿਸਮਤੀ ਨਾਲ ਅਗਲੀਆਂ ਚੋਣਾਂ ਦਾ ਜ਼ਾਬਤਾਲਾਗੂ ਹੋਣ ਤੱਕ ਲਟਕਾਉਣਾ ਹੈ।' ਸਰਕਾਰ ਦੇ ਫ਼ੈਸਲੇ ਉੱਤੇ ਸਵਾਲ ਕਰਦੇ ਹੋਏ ਸਿੱਧੂ ਨੇ ਕਿਹਾ ਸੀ: 'ਇਨਸਾਫ਼ ਵਿਚ ਜਾਣ-ਬੁੱਝ ਕੇ ਦੇਰੀ ਲੋਕ-ਰਾਏ ਨਾਲ ਵਿਸ਼ਵਾਸ਼ਘਾਤ ਹੈ। 6 ਸਾਲਾਂ ਦੌਰਾਨ ਕਈ ਜਾਂਚ ਕਮਿਸ਼ਨ ਤੇ ਸਿਟਾਂ ਬਣਨ ਕਰ ਕੇ ਸਬੂਤ ਕਮਜ਼ੋਰ ਹੋਏ ਤੇ ਇੱਕੋ ਦੋਸ਼ ਦੀ ਵਾਰ-ਵਾਰ ਜਾਂਚ ਹੋਣ ਕਾਰਨ ਦੋਸ਼ੀ ਆਪਣਾ ਬਚਾਅ ਮਜ਼ਬੂਤ ਕਰਨ ਲਈ ਸਿਆਣੇ ਹੋਏ ਹਨ।'

ਨਵਜੋਤ ਸਿੰਘ ਸਿੱਧੂਪਿਛਲੇ ਲੰਮੇ ਸਮੇਂ ਤੋਂ ਕੈਪਟਨ ਅਮਰਿੰਦਰ ਸਿੰਘ ਉੱਤੇ ਹਮਲੇ ਬੋਲ ਰਹੇ ਹਨ।ਏਦੂੰ ਪਹਿਲਾਂ ਸਿੱਧੂ ਨੇ ਮੁੱਖ ਮੰਤਰੀ ਨੂੰ ਸਾਲ 2016 ਵਿਚ ਦਿੱਤਾ ਉਨ੍ਹਾਂ ਦਾ ਬਿਆਨ ਯਾਦ ਕਰਵਾ ਕੇ ਕਿਹਾ ਸੀ ਕਿ ਵੱਡੇ-ਵੱਡੇ ਵਾਅਦੇ ਕਰ ਲਏ, ਪਰ ਨਿਕਲਿਆ ਕੁਝ ਨਹੀਂ। ਨਵਜੋਤ ਸਿੱਧੂ ਨੇ ਸੋਸ਼ਲ ਮੀਡੀਆ ਉੱਤੇਸਾਲ 2016 ਅਤੇ 2021 ਦੀ ਆਡਿਟ ਕੀਤੀ ਵੀਡੀਓ ਸ਼ੇਅਰ ਕੀਤੀ ਸੀ।ਸਾਲ 2016 ਦੀ ਵੀਡੀਓ ਵਿਚ ਕੈਪਟਨ ਅਮਰਿੰਦਰ ਸਿੰਘ ਆਖਦੇ ਹਨ ਕਿ ਜੇ ਉਨ੍ਹਾਂ ਦੀ ਸਰਕਾਰ ਪੰਜਾਬ ਵਿਚ ਬਣੀ ਤਾਂ ਬਹਿਬਲ ਕਲਾਂ ਅਤੇ ਬੇਅਦਬੀ ਦੀ ਜਾਂਚ ਕਰਾਉਣਗੇ ਅਤੇ ਇਸ ਵਿਚ ਬਾਦਲ ਦੋਸ਼ੀ ਨਿਕਲਣਗੇ। ਉਹ ਆਖਦੇ ਹਨ ਕਿ ਬਾਦਲਾਂ ਨੇ ਕੋਟਕਪੂਰਾ ਵਿਚ ਗੋਲ਼ੀ ਚਲਵਾਈ ਸੀ, ਜਿਸ ਵਿਚ ਦੋ ਨੌਜਵਾਨਾਂ ਦੀ ਮੌਤ ਹੋ ਗਈ ਸੀ। ਵੀਡੀਓ ਵਿਚ ਕੈਪਟਨ ਕਹਿ ਰਹੇ ਹਨ ਕਿ ਬਹਿਬਲ ਕਲਾਂ ਵਿੱਚ ਪੁਲਸ ਨੂੰ ਗੋਲ਼ੀ ਚਲਾਉਣ ਦਾ ਹੁਕਮ ਐੱਸ ਪੀ ਨੇ ਦਿੱਤਾ, ਪਰ ਐੱਸ ਪੀ ਨੂੰ ਹੁਕਮ ਮੁੱਖ ਮੰਤਰੀ ਨੇ ਦਿੱਤਾ ਸੀ।ਨਵੇਂ ਵੀਡੀਓ ਵਿਚ 2021 ਦੀ ਇਕ ਹੋਰ ਵੀਡੀਓ ਜੋੜੀ ਗਈ ਸੀ, ਜਿਸ ਵਿਚ ਮੁੱਖ ਮੰਤਰੀ ਕਹਿੰਦੇ ਹਨ,'ਇਹ ਕਹਿਣ ਦੀਆਂ ਗੱਲਾਂ ਹਨ ਕਿ ਬਾਦਲਾਂ ਨੂੰ ਫੜ ਕੇ ਅੰਦਰ ਦੇ ਦਿਓ,ਅਸੀਂ ਏਦਾਂ ਕਿੱਦਾਂ ਕਿਸੇ ਨੂੰ ਫੜ ਕੇ ਅੰਦਰ ਕਰ ਸਕਦੇ ਹਾਂ।ਅਸੀਂ ਸਿਰਫ ਐੱਸ ਆਈ ਟੀ ਬਣਾ ਸਕਦੇ ਹਾਂ, ਪਰ ਐੱਸ ਆਈ ਟੀ ਦੇ ਕੰਮ ਵਿਚ ਦਖ਼ਲ ਨਹੀਂ ਦੇ ਸਕਦੇ।'

ਇਸ ਲੜੀ ਵਿੱਚ ਨਵਜੋਤ ਸਿੱਧੂ ਵਲੋਂ ਕੀਤੇ ਜਾ ਰਹੇ ਹਮਲਿਆਂਦੇ ਬਾਅਦ ਪਿਛਲੇ ਦਿਨੀਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਨਵਜੋਤਸਿੱਧੂ ਨੂੰ ਪਟਿਆਲਾ ਤੋਂ ਆਪਣੇ ਮੁਕਾਬਲੇ ਚੋਣ ਲੜਨ ਦੀ ਚੁਣੌਤੀ ਦੇ ਦਿੱਤੀਤੇ ਇਥੋਂ ਤੱਕ ਕਿਹਾ ਸੀ ਕਿ ਸਿੱਧੂ ਕਿਸੇ ਹੋਰ ਪਾਰਟੀ ਵਿਚ ਜਾਣ ਦੀ ਤਿਆਰੀ ਵਿਚ ਹੈ। ਉਨ੍ਹਾਂ ਨੇ ਕਿਹਾ ਸੀ ਕਿ ਜਦੋਂ ਕੋਈ ਵਿਧਾਇਕ ਆਪਣੇ ਮੁੱਖ ਮੰਤਰੀ ਉੱਤੇ ਹਮਲੇ ਬੋਲਦਾ ਹੈ ਤਾਂ ਇਸ ਦਾ ਮਤਲਬ ਕਿ ਉਹ ਕਿਸੇ ਹੋਰ ਪਾਰਟੀ ਵਿਚ ਜਾਣ ਦੀ ਤਿਆਰੀ ਵਿਚ ਹੈ। ਇਹੀ ਨਹੀਂ, ਕੈਪਟਨ ਅਮਰਿੰਦਰ ਸਿੰਘ ਨੇ ਸਿੱਧੂ ਨੂੰ ਸਾਫ ਸ਼ਬਦਾਂ ਵਿੱਚ ਕਿਹਾ ਸੀ ਕਿ ਉਸ ਲਈ ਉਨ੍ਹਾਂ ਦੇ ਬੂਹੇ ਪੂਰੀ ਤਰ੍ਹਾਂ ਬੰਦ ਹਨਅਤੇ ਅੱਗੇ ਹਾਈਕਮਾਨ ਨੇ ਤੈਅ ਕਰਨਾ ਹੈ। ਉਨ੍ਹਾਂ ਕਿਹਾ ਸੀ ਕਿ ਨਵਜੋਤ ਸਿੰਘ ਸਿੱਧੂਮੌਕਾਪ੍ਰਸਤ ਵਿਅਕਤੀ ਹੈ ਤੇ ਪਟਿਆਲਾ ਤੋਂ ਕੇਜਰੀਵਾਲ ਨਾਲ ਰਲ ਕੇ ਚੋਣ ਲੜਨ ਦੇ ਸੁਫ਼ਨੇ ਦੇਖ ਰਿਹਾ ਹੈ। ਉਨ੍ਹਾਂ ਕਿਹਾ ਸੀ ਕਿ ਮੈਨੂੰ ਕਾਂਗਰਸ ਨੇ ਪੰਜਾਬ ਦੀ ਜ਼ਿੰਮੇਵਾਰੀ ਦਿੱਤੀ ਹੈ, ਉਹ ਮੇਰੇ ਉੱਤੇ ਨਹੀਂ, ਅਸਿੱਧੇ ਤੌਰ ਉੱਤੇ ਮੇਰੀ ਲੀਡਰਸ਼ਿਪ ਉੱਤੇ ਹਮਲਾ ਕਰ ਰਿਹਾ ਹੈ। ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਸਿੱਧੂ ਨੂੰ ਲੱਗਦਾ ਹੈ ਕਿ ਕ੍ਰਿਕਟਰ ਵਜੋਂਬੜਾ ਚਰਚਿਤ ਚਿਹਰਾ ਹੈ, ਪਰ ਉਹ ਪੁਰਾਣੀ ਗੱਲ ਹੈ, ਜਿਸ ਨੂੰ ਕੋਈ ਯਾਦ ਨਹੀਂ ਕਰਦਾ।ਕੈਪਟਨ ਨੇ ਕਿਹਾ ਸੀ ਕਿ ਸਿੱਧੂਮੰਤਰੀ ਬਣਾਇਆ ਸੀ ਤਾਂ ਇਸ ਲਈ ਛੁੱਟੀ ਕਰਨੀ ਪਈ ਸੀ ਕਿ ਉਸ ਦੇ ਦਫਤਰ ਤੋਂ 7-7 ਮਹੀਨੇ ਫਾਈਲਾਂ ਨਹੀਂ ਨਿਕਲਦੀਆਂ ਸਨ।

Canada Consumer Credit Assistance ਕਰਜ਼ਾ ਰਹਿਤ ਜਿੰਦਗੀ ਜੀਓ
• ਪਾਵਰ ਆਫ ਸੇਲ ਨੋਟਿਸ ?
• ਗਾਰਨਿਸ਼ਮੈਂਟ?
• ਬੈਂਕ ਵਲੋਂ ਪੈਸੇ ਦੀ ਮੰਗ ?
• ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available 1888 864 3131
Jasbir Singh Hundal
Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

HELPING YOU PLAN TODAY...FOR TOMORROW
• Supervisa / Visitor Insurance
• Life /Mortgage/Funeral Insurance
• Disability Insurance
• Critical Illness Insurance
• RESP /RRSP
www.ufsinsurance.com
JATINDERBIR S BAJWA
Insurance Broker
Dir:647-928-4990
# 25-831 Bovaird Dr. W. Brampton, ON L6X0T9 | www.ufsinsurance.com

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
AvonFinancial
Brokerage Lic. 12538
Harpreet Singh Goraya
Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392


PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu
Certified & Licenced Exterminator
BED BUG MATTRESS COVER ALSO AVAILABLE
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill
Certified & Licenced Exterminator

MANN LAW FIRM
• Real Estate Law • Business Law
• Wills & Estates • Family Law
• Power of Attorney • Civil Litigation
• Affidavits Notarization & Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
NC Dhawan
Certified Instructor
Cell: 416 726 6206 Tel: 905 405 0001


NOW
HIRING
U.S. CROSS BORDER
SINGLES & TEAMS
AND CANADIAN TEAMS
US Singles $0.64/mile
US Teams $0.66/mile
Canadian teams $0.62/mile
LIGHT SPEED Logistics Inc.
OUR FAMILY WELCOMES YOU
U.S. Singles – Dedicated Truck
Desirable Lanes to the U.S.
U.S. Teams – New Dedicated Truck
Canadian Teams – New Dedicated Truck
Comprehensive Company Benefits
Flexible Work Schedule
LIGHT SPEED HAS YOU COVERED
Steve Hunt O 905.696.0700 x7224 C 905.229.9011 E shunt@lslinc.com
6015 Kestrel Road, Mississauga, ONTARIO L5T 1S8
www.lslinc.com


NATION-WIDE TALK,
TEXT & DATA PLAN
4.5GB
$40/mo.
chatr™
AUTHORIZED DEALER
379 Main St. North, Brampton | 905-451-0379
2456 Lake shore Blvd West, Etobicoke | 416-259-3654
Offer subject to change without notice. Get 4.5GB at 3G speed. Once you reach your 3G speed data allotment, your data speed will be reduced until your next anniversary date. Taxes extra. ™ Trademarks used under license ©2021

# ਘੱਟ ਤੇ ਦਰਮਿਆਨੀ ਆਮਦਨ ਵਾਲੇ ਦੇਸ਼ਾਂ ਲਈ ਕੈਨੇਡਾ ਵੱਲੋਂ ਦਿੱਤੀ ਜਾ ਰਹੀ ਹੈ 375 ਮਿਲੀਅਨ ਡਾਲਰ ਦੀ ਹੋਰ ਮਦਦ

ਓਟਵਾ, 9 ਮਈ (ਪੋਸਟ ਬਿਊਰੋ) : ਫੈਡਰਲ ਸਰਕਾਰ ਵੱਲੋਂ ਵਰਲਡ ਹੈਲਥ ਆਰਗੇਨਾਈਜ਼ੇਸ਼ਨ ਦੇ ਐਕਸੈੱਸ ਕੋਵਿਡ-19 ਟੂਲਜ਼ ਐਕਸੇਲਰੇਟਰ ਪ੍ਰੋਗਰਾਮ ਲਈ 375 ਮਿਲੀਅਨ ਡਾਲਰ ਦਾ ਹੋਰ ਯੋਗਦਾਨ ਪਾਇਆ ਜਾ ਰਿਹਾ ਹੈ। ਇਹ ਜਾਣਕਾਰੀ ਸ਼ੁੱਕਰਵਾਰ ਨੂੰ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਦਿੱਤੀ ਗਈ।

ਟਰੂਡੋ ਦਾ ਕਹਿਣਾ ਹੈ ਕਿ ਇਨ੍ਹਾਂ ਫੰਡਾਂ ਨਾਲ ਘੱਟ ਤੇ ਦਰਮਿਆਨੀ ਆਮਦਨ ਵਾਲੇ ਮੁਲਕਾਂ ਵਿੱਚ ਡਾਇਗਨੌਸਟਿਕਜ਼, ਥੈਰੇਪਿਊਟਿਕਸ ਅਤੇ ਵੈਕਸੀਨਜ਼ ਨੂੰ ਵਿਕਸਤ ਕਰਨ, ਤਿਆਰ ਕਰਨ ਤੇ ਵੰਡਣ ਵਿੱਚ ਮਦਦ ਮਿਲੇਗੀ। ਟਰੂਡੋ ਨੇ ਆਖਿਆ ਕਿ ਕੈਨੇਡਾ ਵਿੱਚ ਤੇ ਹੋਰਨਾਂ ਦੇਸ਼ਾਂ ਵਿੱਚ ਮਹਾਂਮਾਰੀ ਨੂੰ ਖਤਮ ਕਰਨ ਲਈ ਸਾਨੂੰ ਵਾਇਰਸ ਤੇ ਇਸ ਦੇ ਹੋਰਨਾਂ ਵੇਰੀਐਂਟਸ ਨਾਲ ਲੜਨ ਦੀ ਲੋੜ ਹੈ। ਇਸੇ ਲਈ ਸਾਰੇ ਦੇਸ਼ਾਂ ਦੀ ਵੈਕਸੀਨਜ਼ ਤੱਕ ਅਤੇ ਇਲਾਜ ਤੱਕ ਪਹੁੰਚ ਹੋਣੀ ਚਾਹੀਦੀ ਹੈ ਅਤੇ ਸਾਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਇਸ ਲੜਾਈ ਵਿੱਚ ਕੋਈ ਵੀ ਪਿੱਛੇ ਨਾ ਰਹੇ।



ਪ੍ਰਧਾਨ ਮੰਤਰੀ ਨੇ ਆਖਿਆ ਕਿ ਇਸ ਸਮੇਂ ਭਾਰਤ ਜਿਸ ਸੰਕਟ ਵਿੱਚੋਂ ਲੰਘ ਰਿਹਾ ਹੈ ਉਸ ਦੀ ਮਦਦ ਲਈ ਕੈਨੇਡੀਅਨ ਰੈੱਡ ਕਰੌਸ ਰਾਹੀਂ 10 ਮਿਲੀਅਨ ਡਾਲਰ ਭੇਜੇ ਗਏ ਹਨ। ਉਨ੍ਹਾਂ ਆਖਿਆ ਕਿ ਇਸ ਤੋਂ ਇਲਾਵਾ ਵੈਂਟੀਲੇਟਰਜ਼ ਦੇ ਨਾਲ ਨਾਲ ਐਂਟੀ ਵਾਇਰਲ ਵੈਕਸੀਨ ਨਾਲ ਲੱਦਿਆ ਇੱਕ ਕਾਰਗੋ ਜਹਾਜ਼ ਵੀ ਭਾਰਤ ਭੇਜਿਆ ਗਿਆ ਹੈ ਤੇ ਅਜੇ ਹੋਰ ਮਦਦ ਵੀ ਦਿੱਤੀ ਜਾਵੇਗੀ। ਟਰੂਡੋ ਨੇ ਆਖਿਆ ਕਿ ਭਾਰਤ ਭੇਜੀ ਜਾਣ ਵਾਲੀ ਸਪਲਾਈ ਵਾਧੂ ਸਪਲਾਈ ਸੀ ਤੇ ਇਸ ਲਈ ਕੈਨੇਡੀਅਨ ਲੋੜ ਨਾਲ ਕੋਈ ਸਮਝੌਤਾ ਨਹੀਂ ਕੀਤਾ ਗਿਆ।

ਇਸ ਤੋਂ ਇਲਾਵਾ ਫੈਡਰਲ ਸਰਕਾਰ ਨੇ ਨਿੱਕੇ ਤੇ ਮੀਡੀਅਮ ਬਿਜ਼ਨਸਾਂ ਦੇ ਰੈਪਿਡ ਕੋਵਿਡ-19 ਟੈਸਟਸ ਨੂੰ ਸੁਖਾਲਾ ਬਣਾਉਣ ਲਈ ਨਵਾਂ ਪੋਰਟਲ ਕਾਇਮ ਕੀਤਾ ਹੈ। ਉਨ੍ਹਾਂ ਆਖਿਆ ਕਿ ਟੈਸਟਿੰਗ ਨਾਲ ਹੀ ਫਾਇਦਾ ਹੈ।

# ਵੈਕਸੀਨਜ਼ ਦੀ ਪੇਟੈਂਟ ਪ੍ਰੋਟੈਕਸ਼ਨਜ਼ ਤਿਆਗਣ ਲਈ ਡਬਲਿਊ ਟੀ ਓ ਵੱਲੋਂ ਕਰਵਾਈ ਜਾਣ ਵਾਲੀ ਗੱਲਬਾਤ ਵਿੱਚ ਹਿੱਸਾ ਲਵੇਗਾ ਕੈਨੇਡਾ

ਵੈਨਕੂਵਰ, 9 ਮਈ (ਪੋਸਟ ਬਿਊਰੋ) : ਕੈਨੇਡਾ ਦੇ ਇੰਟਰਨੈਸ਼ਨਲ ਟਰੇਡ ਮੰਤਰੀ ਦਾ ਕਹਿਣਾ ਹੈ ਕਿ ਵੈਕਸੀਨ ਟਰੇਡ ਸੀਕ੍ਰੇਟਸ ਦੀ ਹਿਫਾਜ਼ਤ ਕਰਨ ਲਈ ਗਲੋਬਲ ਨਿਯਮਾਂ ਨੂੰ ਤਿਆਗਣ ਲਈ ਕੀਤੀ ਜਾਣ ਵਾਲੀ ਗੱਲਬਾਤ ਵਿੱਚ ਫੈਡਰਲ ਸਰਕਾਰ ਹਿੱਸਾ ਲਵੇਗੀ।

ਟਰੂਡੋ ਸਰਕਾਰ ਉੱਤੇ ਇਹ ਦਬਾਅ ਪੈ ਰਿਹਾ ਹੈ ਕਿ ਉਹ ਅਮਰੀਕਾ ਦੀ ਤਰਜ਼ ਉੱਤੇ ਵਰਲਡ ਟਰੇਡ ਆਰਗੇਨਾਈਜ਼ੇਸ਼ਨ (ਡਬਲਿਊ ਟੀ ਓ) ਦੇ ਇਸ ਪ੍ਰਸਤਾਵ ਦੀ ਹਮਾਇਤ ਕਰੇ। ਮਸਲਾ ਇਹ ਹੈ ਕਿ ਵੇਵਰ ਨਾਲ ਵਿਕਾਸਸ਼ੀਲ ਦੇਸ਼ਾਂ ਲਈ ਮੁਹਾਰਤ, ਸਾਜ਼ੋ ਸਮਾਨ ਤੇ ਉਹ ਇਨਗ੍ਰੇਡੀਐਂਟ



ਇੰਪੋਰਟ ਕਰਨੇ ਸੁਖਾਲੇ ਹੋ ਜਾਣਗੇ ਜਿਨ੍ਹਾਂ ਨਾਲ ਉਹ ਆਪਣੀ ਵੈਕਸੀਨ ਤਿਆਰ ਕਰ ਸਕਣਗੇ। ਇਸ ਦਾ ਨਿਚੋੜ ਇਹ ਹੈ ਕਿ ਅਜਿਹਾ ਕਰਨ ਨਾਲ ਵੈਕਸੀਨ ਦਾ ਗਲੋਬਲ ਉਤਪਾਦਨ ਵਧੇਗਾ ਤੇ ਸੱਭ ਦਾ ਭਲਾ ਹੋਵੇਗਾ।

ਦੂਜੇ ਪਾਸੇ ਫਾਰਮਾਸਿਊਟੀਕਲ ਇੰਡਸਟਰੀ ਦਾ ਕਹਿਣਾ ਹੈ ਕਿ ਵੇਵਰ ਨਾਲ ਮਨਚਾਹੇ ਨਤੀਜੇ ਨਹੀਂ ਮਿਲਣਗੇ ਤੇ ਇਸ ਨਾਲ ਇਨੋਵੇਟਿਵ ਦਵਾਈਆਂ ਦੇ ਵਿਕਾਸ ਦੀ ਪ੍ਰਕਿਰਿਆ ਵੀ ਕਮਜ਼ੋਰ ਹੋਵੇਗੀ। ਐਨਡੀਪੀ ਆਗੂ ਜਗਮੀਤ ਸਿੰਘ ਦਾ ਕਹਿਣਾ ਹੈ ਕਿ ਸਾਨੂੰ ਵੱਡੀਆਂ ਫਾਰਮਾਸਿਊਟੀਕਲ ਕੰਪਨੀਆਂ ਖਿਲਾਫ ਸੰਘਰਸ਼ ਕਰਨਾ ਹੋਵੇਗਾ, ਉਨ੍ਹਾਂ ਤੋਂ ਉਨ੍ਹਾਂ ਦੀਆਂ ਪੇਟੈਂਟ ਪ੍ਰੋਟੈਕਸ਼ਨਜ਼ ਦਾ ਤਿਆਗ ਕਰਵਾਉਣਾ ਹੀ ਹੋਵੇਗਾ।

ਬੁੱਧਵਾਰ ਨੂੰ ਅਮਰੀਕਾ ਵੱਲੋਂ ਇਹ ਐਲਾਨ ਕੀਤਾ ਗਿਆ ਸੀ ਕਿ ਉਹ ਵੀ ਇਸ ਤਰ੍ਹਾਂ ਦੀ ਗੱਲਬਾਤ ਦੇ ਹੱਕ ਵਿੱਚ ਹੈ। ਇਸ ਨੇ ਜਿੱਥੇ ਪ੍ਰੋਗਰੈਸਿਵ ਐਂਟੀ ਪਾਵਰਟੀ ਗਰੁੱਪਜ਼ ਨੂੰ ਹੈਰਾਨ ਕੀਤਾ ਉੱਥੇ ਹੀ ਉਨ੍ਹਾਂ ਦੀ ਖੁਸ਼ੀ ਦਾ ਕੋਈ ਟਿਕਾਣਾ ਨਹੀਂ ਰਿਹਾ।

# ਭਾਜਪਾ ਦੇ ਅੰਦਰੂਨੀ ਝਗੜੇ ਨੇ ਆਸਾਮ ਵਿੱਚ ਜਿੱਤ ਪਿੱਛੋਂ ਮੁੱਖ ਮੰਤਰੀ ਬਦਲਵਾਇਆ

## * ਆਸਾਮ ਦੇ ਨਵੇਂ ਮੁੱਖ ਮੰਤਰੀ ਹੇਮੰਤ ਬਿਸਵਾ ਸ਼ਰਮਾ ਹੋਣਗੇ

ਗੁਹਾਟੀ, 9 ਮਈ, (ਪੋਸਟ ਬਿਊਰੋ)- ਨਾਰਥ ਈਸਟ ਡੈਮੋਕ੍ਰੇਟਿਕ ਅਲਾਇੰਸ (ਐੱਨ ਈ ਡੀ ਏ) ਦੇ ਕਨਵੀਨਰ ਬਣਾਏ ਗਏ ਭਾਜਪਾ ਆਗੂ ਹੇਮੰਤ ਬਿਸਵਾ ਸਰਮਾ ਅੱਜ ਐਤਵਾਰ ਨੂੰ ਸਰਬ ਸੰਮਤੀ ਨਾਲ ਭਾਜਪਾ ਵਿਧਾਇਕ ਦਲ ਦੇ ਨੇਤਾ ਚੁਣੇ ਗਏ ਅਤੇ ਉਨ੍ਹਾਂ ਨੂੰ ਰਾਜ ਦੇ ਮੁੱਖ ਮੰਤਰੀ ਵਜੋਂ ਸਰਕਾਰ ਬਣਾਉਣ ਅੱਗੇ ਕਰਦਿੱਤਾਗਿਆ ਹੈ।

ਭਾਜਪਾ ਦੀ ਕੇਂਦਰੀ ਕਮਾਨ ਵੱਲੋਂ ਆਏ ਕੇਂਦਰੀ ਖੇਤੀਬਾੜੀ ਮੰਤਰੀ ਨਰੇਂਦਰ ਸਿੰਘ ਤੋਮਰ ਨੇ ਅੱਜ ਐਤਵਾਰ ਇਹ ਸੂਚਨਾ ਦੇਂਦੇ ਹੋਏ ਦੱਸਿਆ ਕਿ ਮੌਜੂਦਾ ਮੁੱਖ ਮੰਤਰੀ ਸਰਬਾਨੰਦ ਸੋਨੋਵਾਲ ਨੇ ਹੇਮੰਤ ਬਿਸਵਾ ਸਰਮਾ ਦਾ ਨਾਮ ਪੇਸ਼ ਕੀਤਾ ਤੇ ਭਾਜਪਾ ਦੇ ਸੂਬਾ ਪਾਰਟੀ ਪ੍ਰਧਾਨ ਰੰਜੀਤ ਕੁਮਾਰ ਦਾਸ ਅਤੇ ਹਾਫਲਾਂਗ ਤੋਂ ਨਵੇਂ ਚੁਣੇ ਵਿਧਾਇਕ ਨੰਦਿਤਾ ਗਾਲੋਰਸਾ ਨੇ ਇਸ ਦਾ ਸਮਰਥਨ ਕੀਤਾ। ਕਿਉਂਕਿ ਹੋਰ ਕਿਸੇ ਦਾ ਨਾਮ ਪੇਸ਼ ਨਹੀਂ ਹੋਇਆ, ਇਸ ਕਰ ਕੇ ਹੇਮੰਤ ਬਿਸਵਾ ਸਰਮਾ ਨੂੰ ਭਾਜਪਾ ਵਿਧਾਇਕ ਦਲ ਦਾ ਨੇਤਾ ਸਭ ਦੀ ਸਹਿਮਤੀ ਨਾਲ ਚੁਣ ਲਿਆ ਗਿਆ ਹੈ।



ਇਸ ਮੌਕੇ ਨਰਿੰਦਰ ਸਿੰਘ ਤੋਮਰ ਨੇ ਕਿਹਾ ਕਿ ਭਾਜਪਾ ਛੇਤੀ ਹੀ ਆਪਣੇ ਸਹਿਯੋਗੀਆਂ ਆਸਾਮ ਗਣ ਪ੍ਰੀਸ਼ਦ (ਏ ਜੀ ਪੀ) ਅਤੇ ਯੂਨਾਈਟਿਡ ਪੀਪਲਜ਼ ਪਾਰਟੀ ਲਿਬਰਲ (ਯੂ ਪੀ ਪੀ ਐੱਲ) ਦੇ ਆਗੂਆਂ ਨਾਲ ਬੈਠਕ ਕਰੇਗੀ।ਓਧਰਏ ਜੀ ਪੀਵਿਧਾਇਕ ਦਲ ਨੇ ਐਤਵਾਰ ਬੈਠਕ ਕਰ ਕੇ ਐਲਾਨ ਕੀਤਾ ਕਿ ਉਹ ਭਾਜਪਾ ਵਿਧਾਇਕ ਦਲ ਦੇ ਚੁਣੇ ਨੇਤਾ ਦਾ ਸਮੱਰਥਨ ਕਰੇਗੀਅਤੇ ਗੱਠਜੋੜ ਦਾ ਧਰਮ ਨਿਭਾਵੇਗੀ।ਘਟਨਾਵਾਂ ਦੇ ਇਸ ਵਹਿਣ ਤੋਂ ਪਹਿਲਾਂ ਆਸਾਮ ਦੇ ਮੁੱਖ ਮੰਤਰੀ ਸਰਬਾਨੰਦ ਸੋਨੋਵਾਲ ਨੇ ਗਵਰਨਰ ਜਗਦੀਸ਼ ਮੁਖੀ ਨੂੰ ਆਪਣਾ ਅਸਤੀਫ਼ਾ ਦੇ ਦਿੱਤਾ ਸੀ ਤੇ ਪਰੰਪਰਾ ਅਨੁਸਾਰ ਗਵਰਨਰ ਨੇ ਅਗਲੀ ਸਰਕਾਰ ਦੇ ਬਣਨ ਤੱਕ ਸੋਨੋਵਾਲ ਨੂੰ ਅਹੁਦੇ ਉੱਤੇ ਬਣੇ ਰਹਿਣ ਲਈ ਕਿਹਾ ਸੀ।

ਵਰਨਣ ਯੋਗ ਹੈ ਕਿ ਆਸਾਮ ਦੇ ਨਵੇਂ ਮੁੱਖ ਮੰਤਰੀ ਬਾਰੇ ਕਿਆਫਿਆਂ ਦੌਰਾਨ ਆਸਾਮ ਭਾਜਪਾ ਦੇ ਸੀਨੀਅਰ ਆਗੂਆਂ ਸਰਬਾਨੰਦ ਸੋਨੋਵਾਲ ਅਤੇ ਹਿਮੰਤ ਬਿਸਵਾ ਸਰਮਾ ਨੇ ਪਾਰਟੀ ਪ੍ਰਧਾਨ ਜੇ ਪੀ ਨੱਢਾ ਅਤੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨਾਲ ਦਿੱਲੀ ਵਿੱਚ ਸ਼ਨੀਵਾਰ ਮੁਲਾਕਾਤ ਕੀਤੀ ਸੀ। ਭਾਜਪਾ ਨੇ 126 ਮੈਂਬਰੀ ਆਸਾਮ ਵਿਧਾਨ ਸਭਾ ਵਿੱਚ 60 ਸੀਟਾਂਜਿੱਤੀਆਂ ਹਨ ਅਤੇ ਉਸ ਦੀਆਂ ਗਠਜੋੜ ਸਹਿਯੋਗੀ ਆਸਾਮ ਗਣ ਪ੍ਰੀਸ਼ਦ ਨੇ 9 ਅਤੇ ਯੂਨਾਈਟਿਡ ਪੀਪਲਜ਼ ਪਾਰਟੀ ਲਿਬਰਲ ਨੇ 6 ਸੀਟਾਂ ਜਿੱਤੀਆਂ ਹਨ, ਜਿਨ੍ਹਾਂ ਨਾਲ ਮਿਲਾ ਕੇ ਸਰਕਾਰ ਬਣਦੀ ਹੈ।

# ਪੈਮ ਗੋਸਲ ਨੇ ਸਕਾਟਲੈਂਡ ਵਿੱਚ ਪਹਿਲੀ ਸਿੱਖ ਔਰਤ ਐੱਮ ਪੀ ਬਣ ਕੇ ਇਤਿਹਾਸ ਰਚਿਆ

ਗਲਾਸਗੋ (ਬ੍ਰਿਟੇਨ), 9 ਮਈ, (ਪੋਸਟ ਬਿਊਰੋ)- ਯੂ ਕੇ ਦੇਸਕਾਟਲੈਂਡ ਰਾਜ ਦੀ ਸਕਾਟਿਸ਼ ਪਾਰਲੀਮੈਂਟ ਦੀਆਂ ਚੋਣਾਂ ਦੀ ਗਹਿਮਾ-ਗਹਿਮੀ ਦੌਰਾਨ ਸਿੱਖ ਭਾਈਚਾਰੇ ਵਿੱਚੋਂ ਕੰਜਰਵੇਟਿਵ ਪਾਰਟੀ ਦੀ ਉਮੀਦਵਾਰ ਪੈਮ ਗੋਸਲ ਦੀ ਜਿੱਤ ਨਾਲ ਜੋਸ਼ ਭਰ ਗਿਆ ਹੈ। ਕਲਾਈਡਬੈਂਕ ਐਂਡ ਮਿਲਗਵੀ ਇਲਾਕੇ ਤੋਂ ਜਿੱਤਣ ਨਾਲਪੈਮ ਗੋਸਲ ਨੇ ਸਕਾਟਲੈਂਡ ਵਿੱਚਅੱਜ ਤੱਕ ਦੀ ਪਹਿਲੀ ਸਿੱਖ ਔਰਤ ਪਾਰਲੀਮੈਂਟ ਮੈਂਬਰ ਵਜੋਂ ਇਤਿਹਾਸਸਿਰਜ ਦਿੱਤਾ ਹੈ।



ਪੈਮ ਗੋਸਲ ਦਾ ਜਨਮ ਗਲਾਸਗੋ ਵਿੱਚ ਹੋਇਆ ਸੀ ਤੇ ਉਸਨੇ ਆਪਣੇ ਜੀਵਨ ਦਾ ਬਹੁਤਾ ਸਮਾਂ ਸਕਾਟਲੈਂਡ ਵਿੱਚ ਗੁਜ਼ਾਰਿਆ ਹੈ। ਉਸ ਨੇ ਰਾਜਨੀਤੀ ਵਿੱਚ ਆਪਣਾ ਪਹਿਲਾ ਕਦਮ ਓਦੋਂ ਰੱਖਿਆ, ਜਦੋਂ ਉਹ ਸਕਾਟਿਸ਼ ਕੰਜਰਵੇਟਿਵ ਅਤੇ ਯੂਨੀਅਨਿਸਟ ਪਾਰਟੀ ਲਈ ਸਾਲ 2019 ਦੀਆਂ ਪਾਰਲੀਮੈਂਟ ਦੀਆਂ ਆਮ ਚੋਣਾਂ ਲਈ ਈਸਟ ਡਨਬਰਟਨਸ਼ਾਇਰ ਵਿੱਚੋਂ ਉਮੀਦਵਾਰ ਵਜੋਂ ਖੜ੍ਹੀ ਹੋਈ ਸੀ।ਉਸ ਨੇ ਸਕਾਟਲੈਂਡ ਅਤੇ ਇੰਗਲੈਂਡ ਦੋਵਾਂਦੇ ਆਰਥਿਕ ਵਿਕਾਸ, ਅੰਦਰੂਨੀ ਨਿਵੇਸ਼, ਕਾਰੋਬਾਰ, ਸਭਿਆਚਾਰਕ, ਕਾਨੂੰਨੀ ਅਤੇ ਨਿਯਮਿਤ ਨੀਤੀਆਂ ਉੱਤੇ ਕੰਮ ਕਰਦਿਆਂ ਜਨਤਕ, ਨਿਜੀ ਅਤੇ ਸਵੈਇੱਛੁਕ ਖੇਤਰਾਂ ਵਿੱਚ ਤੀਹ ਸਾਲਾਂ ਦੌਰਾਨ ਗਿਆਨ ਤੇ ਤਜਰਬਾ ਇਕੱਠਾ ਕੀਤਾ ਹੈ।ਉਸ ਨੇ ਕਨਜ਼ੂਮਰ ਕਾਨੂੰਨ ਵਿੱਚ ਬੀ ਏ ਅਤੇ ਐੱਮ ਬੀ ਏ ਕੀਤੀ ਅਤੇ ਇਸ ਸਮੇਂ ਉਹ ਪੀ ਐੱਚ ਡੀ ਕਰ ਰਹੀ ਹੈ। ਪੈਮ ਔਰਤਾਂ ਨੂੰ ਸਾਲ 2015 ਦਾ ਮਹਿਲਾ ਲੀਡਰ ਬਿਜ਼ਨਸ ਅਵਾਰਡ ਅਤੇ 2018 ਪਬਲਿਕ ਸਰਵਿਸ ਅਵਾਰਡ ਵੀ ਮਿਲ ਚੁੱਕਾ ਹੈ। ਸਕਾਟਲੈਂਡ ਦੇ ਕੰਜਰਵੇਟਿਵ ਮਹਿਲਾ ਸੰਗਠਨ (ਸੀ ਡਬਲਯੂ ਓ) ਦੀ ਉਹ ਡਿਪਟੀ ਚੇਅਰ ਪਰਸਨ ਹੈ, ਜੋ ਕੰਜਰਵੇਟਿਵ ਮਰਦਾਂ ਤੇ ਔਰਤਾਂ ਦਾ ਇੱਕ ਨੈਸ਼ਨਲ ਗਰੁੱਪ ਹੈ ਅਤੇ ਔਰਤਾਂ ਨੂੰ ਪਾਰਟੀ ਵਿੱਚ ਸਰਗਰਮ ਭੂਮਿਕਾ ਨਿਭਾਉਣ ਲਈ ਉਤਸ਼ਾਹ ਤੇਮਦਦ ਲਈ ਸਰਗਰਮੀ ਨਾਲ ਕੰਮ ਕਰਦੀ ਹੈ। ਉਹ ਕੰਜ਼ਰਵੇਟਿਵ ਫ੍ਰੈਂਡਜ਼ ਆਫ਼ ਇੰਡੀਆ ਸਕਾਟਲੈਂਡ (ਸੀ ਐਫ ਆਈ ਐਸ) ਦੀ ਡਾਇਰੈਕਟਰ ਵੀ ਹੈ। ਇਹ ਸੰਗਠਨ ਸਕਾਟਲੈਂਡ ਵਿਚ ਕੰਜਰਵੇਟਿਵ ਪਾਰਟੀ ਤੇ ਬ੍ਰਿਟਿਸ਼ ਇੰਡੀਅਨ ਕਮਿਊਨਿਟੀ ਵਿਚਾਲੇ ਮਜ਼ਬੂਤ ਸਬੰਧ ਬਣਾਉਣ ਲਈ ਸਰਗਰਮੀ ਕਰਦਾ ਹੈ।

# ਪੱਛਮੀ ਬੰਗਾਲ ਵਿੱਚ ਭਾਜਪਾ ਦੀ ਹਾਰ ਕਾਰਨ ਪਾਰਟੀ ਦੇ ਅੰਦਰ ਕਲੇਸ਼ ਵਧਿਆ

ਨਵੀਂ ਦਿਲੀ, 9 ਮਈ, (ਪੋਸਟ ਬਿਊਰੋ)- ਪੱਛਮੀ ਬੰਗਾਲ ਵਿਚ ਮਮਤਾ ਬੈਨਰਜੀ ਦੇ ਫਿਰ ਸੱਤਾ ਉੱਤੇ ਕਾਬਜ਼ ਹੋਣ ਅਤੇ ਦੋ ਸੌ ਸੀਟਾਂ ਦਾ ਦਾਅਵਾ ਕਰਦੀ ਭਾਜਪਾ ਨੂੰ ਮਸਾਂ 77 ਸੀਟਾਂ ਹੀ ਮਿਲਣ ਪਿੱਛੋਂ ਇਸ ਪਾਰਟੀ ਦੇ ਅੰਦਰ ਇਸ ਰਾਜ ਵਿੱਚ ਜਥੇਬੰਦਕ ਸਵਾਲ ਉੱਤੇ ਕਾਫੀ ਕਲੇਸ਼ ਵਧਦਾ ਨਜ਼ਰ ਆਉਣ ਲੱਗ ਪਿਆ ਹੈ।

ਹਾਲੇ ਪੱਛਮੀ ਬੰਗਾਲ ਵਿਧਾਨ ਸਭਾ ਚੋਣਾਂ ਦੇ ਨਤੀਜੇ ਨੂੰ ਹਫ਼ਤਾ ਹੀ ਹੋਇਆ ਹੈ ਕਿ ਇਸ ਹਾਰ ਮਗਰੋਂ ਭਾਜਪਾ ਦੇ ਅੰਦਰ ਕਲੇਸ਼ ਤੇਜ਼ ਹੋ ਗਿਆ ਹੈ। ਭਾਜਪਾ ਦੇ ਸੀਨੀਅਰ ਨੇਤਾ ਤੇ ਸਾਬਕਾ ਪ੍ਰਧਾਨ ਅਤੇ ਸਾਬਕਾ ਗਵਰਨਰ ਤਥਾਗਤ ਰਾਏ ਨੇ ਭਾਜਪਾ ਦੀ ਹਾਰ ਲਈ 4 ਨੇਤਾਵਾਂ ਨੂੰ ਜ਼ਿੰਮੇਵਾਰ ਕਹਿਦਿੱਤਾ, ਜਿਨ੍ਹਾਂ ਵਿਚ ਪੱਛਮੀ ਬੰਗਾਲ ਭਾਜਪਾ ਦੇ ਪ੍ਰਧਾਨ ਦਿਲੀਪ ਘੋਸ਼, ਰਾਸ਼ਟਰੀ ਜਨਰਲ ਸੈਕਟਰੀਤੇ ਚੋਣ ਇੰਚਾਰਜ ਕੈਲਾਸ਼ ਵਿਜੇਵਰਗੀਜ਼, ਸੰਗਠਨ ਮੰਤਰੀ ਸ਼ਿਵ ਪ੍ਰਕਾਸ਼ ਅਤੇ ਚੋਣਾਂ ਵਾਸਤੇ ਕੋ-ਇੰਚਾਰਜ ਮੁਖੀ ਅਰਵਿੰਦ ਮੈਨਨ ਸ਼ਾਮਲ ਹਨ। ਤਥਾਗਤ ਰਾਏ ਨੇ ਸੋਸ਼ਲ ਮੀਡੀਆ ਉੱਤੇ ਲਿਖਿਆ ਕਿ ਇਹ ਚਾਰ ਨੇਤਾ ਪਾਰਟੀ ਹੀ ਨਹੀਂ, ਪ੍ਰਧਾਨ ਮੰਤਰੀ ਤੇ ਕੇਂਦਰੀ ਗ੍ਰਹਿ ਮੰਤਰੀ ਦਾ ਅਕਸ ਖ਼ਰਾਬ ਕਰਨ ਦੇ ਵੀ ਦੋਸ਼ੀ ਹਨ, ਇਨ੍ਹਾਂ ਚਾਰ ਜਣਿਆਂ ਨੇ ਤ੍ਰਿਣਮੂਲ ਕਾਂਗਰਸ ਤੋਂ ਆਏ ਦਾਗੀ ਨੇਤਾਵਾਂ ਨੂੰ ਟਿਕਟਾਂ ਦਿਵਾਈਆਂ ਤੇ ਪਾਰਟੀ ਦੀ ਹਾਰ ਪਿੱਛੋਂ ਪਾਰਟੀ ਵਰਕਰਾਂ ਦੇ ਗੁੱਸੇ ਦਾ ਸਾਹਮਣਾ



ਕਰਨ ਦੀ ਥਾਂ ਕਮਰਿਆਂ ਵਿੱਚ ਬੰਦ ਹੋਏ ਬੈਠੇ ਹਨ। ਤਥਾਗਤ ਨੇ ਕਿਹਾ ਕਿ ਇਨ੍ਹਾਂ ਚਾਰ ਜਣਿਆਂ ਨੂੰ ਸਿਆਸਤ ਦੀ ਕੋਈ ਸਮਝ ਨਹੀਂ, ਮੈਂ ਕੇਂਦਰੀ ਲੀਡਰਸ਼ਿਪ ਨੂੰ ਦੋਸ਼ ਨਹੀਂ ਦਿੰਦਾ, ਕਿਉਂਕਿ ਉਨ੍ਹਾਂ ਉੱਤੇ ਪੂਰੇ ਦੇਸ਼ ਦੀ ਜ਼ਿੰਮੇਵਾਰੀ ਹੈ, ਉਨ੍ਹਾਂ ਨੂੰ ਸਹੀ ਜਾਣਕਾਰੀ ਦੇਣਾ ਸੂਬਾ ਲੀਡਰਸ਼ਿਪ ਦਾ ਕੰਮ ਹੈ।

ਸਾਬਕਾ ਪ੍ਰਧਾਨ ਤਥਾਗਤ ਨੇ ਕਿਹਾ ਕਿ ਉਨ੍ਹਾਂ ਨੂੰ ਇਸ ਗੱਲ ਦਾ ਸ਼ੱਕ ਹੈ ਕਿ ਇਹ ਲੋਕ ਪਾਰਟੀ ਛੱਡ ਕੇ ਜਾ ਸਕਦੇ ਹਨ। ਤਥਾਗਤ ਨੇ ਇਕ ਹੋਰ ਪੋਸਟ ਵਿੱਚ ਲਿਖਿਆ ਕਿ ਉਹ ਸਭ ਨੂੰ ਇਹ ਦੱਸਣਾ ਚਾਹੁੰਦੇ ਹਨ ਕਿ ਉਨ੍ਹਾਂ ਨੂੰ ਭਾਜਪਾ ਦੀ ਸੀਨੀਅਰ ਲੀਡਰਸ਼ਿਪ ਨੇ ਗੱਲਬਾਤ ਕਰਨ ਲਈ ਦਿੱਲੀ ਬੁਲਾਇਆ ਹੋਇਆ ਹੈ।


REXDALE FINANCIAL SERVICES
WE HELP YOU START, GROW AND SUCCEED


We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009

ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT

MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!

ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ?
ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ',
ਅਸੀਂ ਕਰਾਂਗੇ 'ਹਾਂ'

Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated



19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047



KANG TAX & FINANCIAL SERVICES
Carte WEALTH MANAGEMENT INC.

› TAX E-FILING - PERSONAL & CORPORATION**
› LIFE, CRITICAL & DISABILITY INSURANCE***
› RRSP/TFSA/RESP/RDSP & OPEN ACCOUNTS*
› VISITOR INSURANCE***



FREE For New Immigrants
TAX Filing $40 +Tax

Sukhwinder Kang
M.Sc (Math), CFP
Certified Financial Planner
Off: 416-741-4877
Dir: 416-271-4877
Email: skang@kangtax.ca

* Mutual funds provided by Carte Wealth Management Inc.
** Tax planning and filings provided by Kang Tax & Financial Services
*** Insurance sold through Carte Risk Management Inc., Financial Horizon and Aaxel Insurance.

$10 OFF Coupon only for New Clients One per family

Website: www.kangtax.com
Email: sukhwinder.kang@cartewm.com

Suite #105-2645 Islington Ave. Etobicoke, ON M9V 2X6



ShergGill Law Firm
Barrister, Solicitor & Notary Public

Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters

Paramjit Singh Gill (MBA,LL.B.)
Tel: 905-790-3636



2565 Steeles Ave E Unit #20, Brampton, ON L6T 4L6
Emergency Contact: 416.910.5676
www.shergilllawfirm.ca

## ਅੱਜ ਨਾਮਾ

ਗਲੀਓ-ਗਲੀ ਦੇ ਵਿੱਚ ਆ ਹੋਈ ਚਰਚਾ,
ਆ ਕੇ ਕਿਤੋਂ ਕੋਰੋਨਾ ਗਿਆ ਛੁਪ ਮਿੱਤਰ।
ਲਾਉਂਦਾ ਘਾਤ ਤੇ ਮਾਰਦਾ ਡੰਗ ਲੁਕ ਕੇ,
ਓਦਾਂ ਕੀਤਾ ਈ ਰਹਿੰਦੜਾ ਚੁੱਪ ਮਿੱਤਰ।
ਨਾ ਉਹ ਭੀੜ, ਨਾ ਕੱਲ-ਮੁਕੱਲ ਵਿੰਹਦਾ,
ਨਾ ਉਹ ਵਿੰਹਦਾ ਹੈ ਛਾਂ ਜਾ ਧੁੱਪ ਮਿੱਤਰ।
ਜਿਹੜੇ ਟੱਬਰ ’ਤੇ ਮਾਰਦਾ ਝਪਟ ਭੈੜਾ,
ਓਥੇ ਪਾਉਂਦਾ ਹਨੇਰ ਉਹ ਘੁੱਪ ਮਿੱਤਰ।
ਪੁੱਛੋ ਉਨ੍ਹਾਂ ਨੂੰ, ਜਿਨ੍ਹਾਂ ਦੇ ਘਰਾਂ ਅੰਦਰ,
ਜਾ-ਜਾ ਲਾਈ ਕੋਰੋਨਾ ਨੇ ਸੰਨ੍ਹ ਮਿੱਤਰ।
ਨਾਂ ਵੀ ਲੈਣ ਤੋਂ ਉਹਦਾ ਤ੍ਰਹਿਕਦੇ ਈ,
ਲਵੇ ਫੇਰ ਤੋਂ ਚੁੱਕ ਨਹੀਂ ਫੰਨ੍ਹ ਮਿੱਤਰ।

**ਤੀਸ ਮਾਰ ਖਾਂ**

# ਬ੍ਰਿਟੇਨ ਦੀ ਰਾਜਧਾਨੀ ਲੰਡਨ ਦੇ ਲੋਕਾਂ ਨੇ ਸਾਦਿਕ ਖਾਨ ਨੂੰ ਫਿਰ ਮੇਅਰ ਚੁਣ ਲਿਆ



ਲੰਡਨ, 9 ਮਈ, (ਪੋਸਟ ਬਿਊਰੋ)- ਬ੍ਰਿਟੇਨ ਦੀ ਰਾਜਧਾਨੀ ਲੰਡਨ ਵਿੱਚ ਮੇਅਰ ਸਾਦਿਕ ਖਾਨ ਨੇ ਆਪਣੇ ਮੁੱਖ ਵਿਰੋਧੀ ਤੇ ਟੋਰੀ ਪਾਰਟੀ ਦੇ ਲੀਡਰ ਸ਼ੌਨ ਬੇਲੀ ਨੂੰ ਹਰਾ ਕੇ ਲੰਡਨ ਦੇ ਮੇਅਰ ਵਜੋਂ ਦੂਸਰੀ ਵਾਰ ਚੋਣ ਜਿੱਤ ਲਈ ਹੈ। ਲੇਬਰ ਪਾਰਟੀ ਦੇ ਸਾਦਿਕ ਖਾਨ ਨੂੰ 55.2 ਫੀਸਦੀ ਵੋਟਾਂ ਮਿਲੀਆਂਅਤੇ ਸ਼ੌਨ ਬੇਲੀ ਨੂੰ 44.8 ਮਿਲੀਆਂ ਹਨ।

ਆਪਣੀ ਜਿੱਤ ਮਗਰੋਂ ਸਾਦਿਕ ਖਾਨ ਨੇ ਮਹਾਮਾਰੀ ਦੇ ਬਾਅਦ ਲੰਡਨ ਲਈ ਸੁਹਿਰਦ ਭਵਿੱਖ ਬਣਾਉਣ ਦਾ ਭਰੋਸਾ ਦਿੱਤਾ ਹੈ।ਚੋਣਵਿੱਚ ਵੋਟਰਾਂ ਦੀ ਪਹਿਲੀ ਪਸੰਦ ਵਾਸਤੇਸ਼ੌਨ ਬੇਲੀ ਨੂੰ ਪਈਆਂ 893,051 ਵੋਟਾਂ ਦੇ ਮੁਕਾਬਲੇ ਸਾਦਿਕ ਖਾਨ ਨੂੰ 1,013,721 ਵੋਟਾਂ ਮਿਲੀਆਂ ਅਤੇ ਦੂਸਰੀ ਪਸੰਦ ਲਈ ਵੀ ਸਾਦਿਕ ਖਾਨ ਨੂੰ 1,92,313 ਅਤੇ ਸ਼ੌਨ ਬੇਲੀ ਨੂੰ ਮਸਾਂ 84,550 ਵੋਟਾਂ ਪਈਆਂ। ਲੰਡਨ ਦੇ ਮੇਅਰ ਵਜੋਂ ਸਾਦਿਕ ਖਾਨ ਨੂੰ ਰਾਜਧਾਨੀ ਵਿੱਚ ਵਧਦੇ ਹਿੰਸਕ ਜੁਰਮ, ਖਾਸ ਕਰਕੇ ਗੱਭਰੂਆਂ ਵਿੱਚ ਛੁਰੇਬਾਜ਼ੀ ਕਾਰਨ ਅਲੋਚਨਾ ਝੱਲਣੀ ਪਈ ਸੀ। ਉਸ ਨੇ ਦੁਬਾਰਾ ਚੋਣ ਮੁਹਿੰਮ ਵੇਲੇ ਨੌਕਰੀਆਂਦੇ ਮੁੱਦੇ ਉੱਤੇ ਧਿਆਨ ਕੇਂਦਰਤ ਕੀਤਾ ਤੇ ਕੋਰੋਨਾ ਦੀ ਮਹਾਮਾਰੀ ਹੇਠ ਕੰਮ ਗੁਆ ਚੁੱਕੇ ਕਰੀਬ 300,000 ਲੰਡਨ ਵਾਸੀਆਂ ਦੀ ਮਦਦ ਲਈ ਸੈਰ-ਸਪਾਟਾ ਅਤੇ ਨਿਵੇਸ਼ ਨੂੰ ਉਤਸ਼ਾਹਿਤ ਕਰਨ ਉੱਤੇ ਜ਼ੋਰ ਦਿੱਤਾ ਹੈ।

# ਸ਼ਾਰਟ ਸਰਕਟ ਕਾਰਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਅਗਨ ਭੇਂਟ

ਮੁਕੰਦਪੁਰ, 9 ਮਈ (ਪੋਸਟ ਬਿਊਰੋ)- ਥਾਣਾ ਮੁਕੰਦਪੁਰ ਦੇ ਪਿੰਡ ਸ਼ੋਕਰ ਦੇ ਗੁਰਦੁਆਰਾ ਸਿੰਘ ਸ਼ਹੀਦਾਂ ਵਿਖੇ ਬਿਜਲੀ ਦੇ ਸ਼ਾਰਟ ਸਰਕਟ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਅਗਨ ਭੇਟ ਹੋਣ ਦੀ ਖਬਰ ਹੈ।

ਇਸ ਬਾਰੇ ਪ੍ਰਬੰਧਕਾਂ ਨੇ ਦੱਸਿਆ ਕਿ ਇਹ ਅੱਗ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪਾਲਕੀ ਪਿੱਛੇ ਲਾਏ ਪੱਖੇ ਤੋਂ ਲੱਗੀ ਹੈ।ਇਸ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਧਿਕਾਰੀ ਅਤੇ ਕਥਾ ਵਾਚਕ ਪਲਵਿੰਦਰ ਸਿੰਘ ਗੁਰਦੁਆਰਾ ਸ੍ਰੀ ਚਰਨ ਕੰਵਲ ਤੋਂ ਓਥੇ ਪੁੱਜੇ ਅਤੇ ਸਥਿਤੀ ਦਾ ਜਾਇਜ਼ਾ ਲਿਆ ਗਿਆ। ਉਨ੍ਹਾਂ ਆਖਿਆ ਕਿ ਅਗਨ ਭੇਟ ਹੋਏ ਪਾਵਨ ਸਰੂਪਾਂ ਨੂੰ ਸ੍ਰੀ ਗੋਇੰਦਵਾਲ ਸਾਹਿਬ ਲਿਜਾਇਆ ਜਾ ਰਿਹਾ ਹੈ ਤੇ ਉਥੇ ਜਲ ਪ੍ਰਵਾਹ ਕੀਤੇ ਜਾਣਗੇ। ਇਸ ਮੌਕੇ ਜਥੇਦਾਰ ਸੁਖਦੀਪ ਸਿੰਘ ਸ਼ੋਕਰ ਪ੍ਰਧਾਨ ਦੋਆਬਾ ਜ਼ੋਨ ਅਕਾਲੀ ਦਲ ਨੇ ਆਖਿਆ ਕਿ ਇਹ ਘਟਨਾ ਬਹੁਤ ਮੰਦਭਾਗੀ ਹੈ ਜਿਸ ਉੱਤੇ ਉਨ੍ਹਾਂ ਨੇ ਗਿਆਨੀ ਰਘਬੀਰ ਸਿੰਘ ਜਥੇਦਾਰ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਨੂੰ ਸੂਚਿਤ ਕਰ ਦਿੱਤਾ ਹੈ। ਘਟਨਾ ਦੀ ਸੂਚਨਾ ਮਿਲਦੇ ਹੀ ਹਲਕਾ ਵਿਧਾਇਕ ਡਾ. ਸੁਖਵਿੰਦਰ ਕੁਮਾਰ ਸੁੱਖੀ ਅਤੇ ਪੁਲਸ ਅਧਿਕਾਰੀ ਵੀ ਮੌਕੇ ਉੱਤੇ ਪੁੱਜੇ।

# ਛੇਵੀਂ ਕਲਾਸ ਦੀ ਲੜਕੀ ਨੇ ਸਕੂਲ ਲਿਆਂਦੀ ਗੰਨ, ਤਿੰਨ ਨੂੰ ਕੀਤਾ ਜ਼ਖ਼ਮੀ




ਬੌਇਸ, ਇਦਾਹੋ, 9 ਮਈ (ਪੋਸਟ ਬਿਊਰੋ) ; ਛੇਵੀਂ ਕਲਾਸ ਦੀ ਇੱਕ ਬੱਚੀ ਆਪਣੇ ਬੈਕਪੈਕ ਵਿੱਚ ਗੰਨ ਲੈ ਕੇ ਇਦਾਹੋ ਮਿਡਲ ਸਕੂਲ ਪਹੁੰਚੀ, ਉਸ ਨੇ ਗੋਲੀ ਮਾਰ ਕੇ ਆਪਣੇ ਨਾਲ ਦੇ ਦੋ ਵਿਦਿਆਰਥੀਆਂ ਤੇ ਕਸਟੋਡੀਅਨ ਨੂੰ ਜ਼ਖ਼ਮੀ ਕਰ ਦਿੱਤਾ। ਫਿਰ ਟੀਚਰ ਵੱਲੋਂ ਉਸ ਤੋਂ ਗੰਨ ਖੋਹ ਲਈ ਗਈ।

ਅਧਿਕਾਰੀਆਂ ਨੇ ਇੱਕ ਨਿਊਜ਼ ਕਾਨਫਰੰਸ ਵਿੱਚ ਦੱਸਿਆ ਕਿ ਤਿੰਨ੍ਹਾਂ ਨੂੰ ਗੋਲੀਆਂ ਹੱਥਾਂ ਪੈਰਾਂ ਵਿੱਚ ਹੀ ਲੱਗੀਆਂ ਹਨ ਤੇ ਤਿੰਨਾਂ ਦੇ ਬਚਣ ਦੀ ਉਮੀਦ ਹੈ। ਜੈਫਰਸਨ ਕਾਊਂਟੀ ਦੇ ਸ਼ੈਰਿਫ ਸਟੀਵ ਐਂਡਰਸਨ ਦਾ ਕਹਿਣਾ ਹੈ ਕਿ ਲੜਕੀ ਨੇ ਆਪਣੇ ਬੈਕਪੈਕ ਵਿੱਚ’’ ਗੰਨ ਕੱਢੀ ਤੇ ਰਿਗਬੀ ਸਿਟੀ ਵਿੱਚ ਸਥਿਤ ਰਿਗਬੀ ਮਿਡਲ ਸਕੂਲ ਦੇ ਅੰਦਰ ਤੇ ਬਾਹਰ ਕਈ ਗੋਲੀਆਂ ਚਲਾ ਦਿੱਤੀਆਂ।ਇਹ ਥਾਂ ਯੈਲੋਸਟੋਨ ਨੈਸ਼ਨਲ ਪਾਰਕ ਦੇ ਦੱਖਣ ਪੱਛਮ ਵਿੱਚ 145 ਕਿਲੋਮੀਟਰ ਦੀ ਦੂਰੀ ਉੱਤੇ ਸਥਿਤ ਹੈ।

ਇੱਕ ਟੀਚਰ ਨੇ ਉਸ ਲੜਕੀ ਨੂੰ ਉਦੋਂ ਤੱਕ ਫੜ੍ਹ ਕੇ ਰੱਖਿਆ ਜਦੋਂ ਤੱਕ ਪੁਲਿਸ ਉੱਥੇ ਨਹੀਂ ਪਹੁੰਚ ਗਈ ਤੇ ਉਨ੍ਹਾਂ ਲੜਕੀ ਨੂੰ ਆਪਣੀ ਹਿਰਾਸਤ ਵਿੱਚ ਨਹੀਂ ਲੈ ਲਿਆ। ਅਧਿਕਾਰੀਆਂ ਨੇ ਆਖਿਆ ਕਿ ਅਜੇ ਤੱਕ ਇਸ ਤਰ੍ਹਾਂ ਦੀ ਹਰਕਤ ਪਿਛਲੇ ਮਕਸਦ ਦਾ ਪਤਾ ਨਹੀਂ ਲੱਗ ਸਕਿਆ ਹੈ ਤੇ ਉਨ੍ਹਾਂ ਇਹ ਵੀ ਆਖਿਆ ਕਿ ਹਮਲੇ ਦੇ ਕਾਰਨ ਦਾ ਪਤਾ ਲਾਉਣ ਦੇ ਨਾਲ ਨਾਲ ਜਾਂਚਕਾਰ ਇਹ ਵੀ ਪਤਾ ਲਾਉਣ ਦੀ ਕੋਸ਼ਿਸ਼ ਕਰ ਰਹੇ ਹਨ ਕਿ ਲੜਕੀ ਨੂੰ ਇਹ ਗੰਨ ਕਿੱਥੋਂ ਮਿਲੀ।

ਐਂਡਰਸਨ ਨੇ ਆਖਿਆ ਕਿ ਲੜਕੀ ਨੇੜਲੀ ਸਿਟੀ ਇਦਾਹੋ ਫਾਲਜ਼ ਤੋਂ ਹੈ। ਉਨ੍ਹਾਂ ਵੱਲੋਂ ਲੜਕੀ ਦੇ ਨਾਂ ਦਾ ਖੁਲਾਸਾ ਨਹੀਂ ਕੀਤਾ ਗਿਆ। ਈਸਟਰਨ ਇਦਾਹੋ ਰੀਜਨਲ ਮੈਡੀਕਲ ਸੈਂਟਰ ਦੇ ਟਰੌਮਾ ਮੈਡੀਕਲ ਡਾਇਰੈਕਟਰ ਡਾ• ਮਾਈਕਲ ਲੈਮਨ ਨੇ ਆਖਿਆ ਕਿ ਜਿਨ੍ਹਾਂ ਵਿਦਿਆਰਥੀਆਂ ਨੂੰ ਗੋਲੀ ਲਗੀ ਹੈ ਉਨ੍ਹਾਂ ਨੂੰ ਅਜੇ ਹਸਪਤਾਲ ਹੀ ਰੱਖਿਆ ਗਿਆ ਹੈ। ਇਨ੍ਹਾਂ ਵਿੱਚੋਂ ਇੱਕ ਵਿਦਿਆਰਥੀ ਨੂੰ ਆਪਰੇਸ਼ਨ ਦੀ ਲੋੜ ਪੈ ਸਕਦੀ ਹੈ।

# ਕਾਮੇਡੀਅਨ ਸੁਗੰਧਾ ਮਿਸ਼ਰਾ ਅਤੇ ਲਾੜਾ ਪੱਖ ਉੱਤੇ ਵਿਆਹ ਵੇਲੇ ਭੀੜ ਇਕੱਠੀ ਕਰਨ ਦਾ ਕੇਸ ਦਰਜ

ਫਗਵਾੜਾ, 9 ਮਈ (ਪੋਸਟ ਬਿਊਰੋ)- ਬਾਲੀਵੁੱਡ ਦੀ ਮਸ਼ਹੂਰ ਕਾਮੇਡੀ ਕਲਾਕਾਰ ਸੁਗੰਧਾ ਮਿਸ਼ਰਾ, ਲਾੜਾ ਪੱਖ ਅਤੇ ਹੋਰ ਲੋਕਾਂ ਦੇ ਖ਼ਿਲਾਫ਼ ਥਾਣਾ ਸਦਰ ਫ਼ਗਵਾੜਾ ਦੀ ਪੁਲਸ ਨੇ ਕੋਰੋਨਾ ਮਹਾਂਮਾਰੀ ਦੇ ਫੈਲਾਅ ਰੋਕਣ ਲਈ ਜਿਲ੍ਹਾ ਮੁਖੀ ਕਪੂਰਥਲਾ ਦੀਪਤੀ ਉਪਲ ਵੱਲੋਂ ਜਾਰੀ ਆਦੇਸ਼ਾਂ ਦੀ ਉਲੰਘਣਾ ਕਰਨ ਉੱਤੇ ਕੇਸ ਦਰਜ ਕੀਤਾ ਹੈ।

ਮਿਲੀ ਜਾਣਕਾਰੀ ਅਨੁਸਾਰ ਹੋਟਲ ਕਲੱਬ ਕਬਾਨਾ ਵਿੱਚ ਕੁਝ ਦਿਨ ਪਹਿਲਾਂ ਸੁਗੰਧਾ ਮਿਸ਼ਰਾ ਦੀ ਸ਼ਾਦੀ ਸੰਕੇਤ ਭੋਂਸਲੇ ਨਾਲ ਹੋਈ ਸੀ। ਇਸ ਵਿਆਹ ਵਿੱਚ ਸ਼ਾਮਲ ਲੋਕਾਂ ਦੀ ਗਿਣਤੀ ਵੱਧ ਹੋਣ ਬਾਰੇ ਸੋਸ਼ਲ ਮੀਡੀਆ ਉੱਤੇ ਸ਼ਾਦੀ ਦੀ ਵੀਡੀਓ ਕਲਿਪ ਵਾਇਰਲ ਵੀ ਹੋਈ ਸੀ। ਥਾਣਾ ਸਦਰ ਫ਼ਗਵਾੜਾ ਦੇ ਸਬ-ਇੰਸਪੈਕਟਰ ਰਘੁਬੀਰ ਸਿੰਘ ਨੇ ਦੱਸਿਆ ਕਿ ਵੀਡੀਓ ਕਲਿਪ ਵਿੱਚ ਸਾਫ਼ ਦਿਖਾਈ ਦੇਂਦਾ ਹੈ ਕਿ ਲੋਕਾਂ ਦੀ ਗਿਣਤੀ ਵੱਧ ਹੈ। ਉਨ੍ਹਾਂ ਦੱਸਿਆ ਕਿ ਸੁਗੰਧਾ ਮਿਸ਼ਰਾ, ਲੜਕੇਵਾਲੇ ਪੱਖ ਅਤੇ ਹੋਟਲ ਕਲੱਬ ਕਬਾਨਾ ਦੇ ਪ੍ਰਬੰਧਕਾਂ ਖ਼ਿਲਾਫ਼ ਕੇਸ ਦਰਜ ਕੀਤਾ ਗਿਆ ਹੈ।

# ਇੰਸਟਾਗ੍ਰਾਮ ਨੂੰ ਵੀ ਕੰਗਨਾ ਰਣੌਤ ਦੀ ਪੋਸਟ ਡਿਲੀਟ ਕਰਨੀ ਪਈ

*** ਕੰਗਨਾ ਵਿਲਕੀ: ਇਥੇ ਵੀ ਟਿਕਣਾ ਮੁਸ਼ਕਲ ਹੈ...**

ਨਵੀਂ ਦਿੱਲੀ, 9 ਮਈ, (ਪੋਸਟ ਬਿਊਰੋ)- ਫਿਲਮੀ ਹੀਰੋਇਨ ਕੰਗਨਾ ਰਣੌਤ ਅਕਸਰ ਆਪਣੇ ਬਿਆਨਾਂ ਕਾਰਨ ਸੁਰਖੀਆਂ ਵਿਚ ਰਹਿੰਦੀ ਹੈ। ਪੱਛਮੀ ਬੰਗਾਲ ਦੇ ਚੋਣ ਨਤੀਜਿਆਂ ਪਿੱਛੋਂ ਟਵਿੱਟਰ ਨੇ ਬੰਗਾਲ ਹਿੰਸਾ ਬਾਰੇ ਸਖਤ ਪ੍ਰਤੀਕ੍ਰਿਆ ਕਾਰਨ ਉਸ ਦਾ ਖਾਤਾ ਸਦਾ ਲਈ ਸਸਪੈਂਡ ਕਰ ਦਿੱਤਾ ਸੀ। ਫਿਰ ਕੰਗਣਾ ਇੰਸਟਾਗ੍ਰਾਮ ਉੱਤੇ ਐਕਟਿਵ ਹੋ ਗਈ, ਪਰ ਅੱਜ ਉਸ ਦਾ ਅਕਾਊਂਟ ਇੰਸਟਾਗ੍ਰਾਮ ਦੇ ਪ੍ਰਬੰਧਕਾਂ ਦੀ ਵੀ ਦਾੜ੍ਹ ਹੇਠ ਆ ਗਿਆ ਹੈ।

ਪਿਛਲੇ ਦਿਨੀਂ ਕੰਗਨਾ ਨੇ ਕੋਰੋਨਾ ਨੂੰ ਲਲਕਾਰਦੇ ਹੋਏ ਆਪਣੇ ਖੁਦ ਦੇ ਪਾਜ਼ੀਟਿਵ ਹੋਣ ਦੀ ਖਬਰ ਪ੍ਰਸ਼ੰਸਕਾਂ ਨਾਲ ਸ਼ੇਅਰ ਕੀਤੀ ਸੀ, ਜਿਸ ਨੂੰ ਇੰਸਟਾਗ੍ਰਾਮ ਨੇ ਡਿਲੀਟ ਕਰ ਦਿੱਤਾ ਹੈ। ਪੋਸਟ ਮਿਟਾਏ ਜਾਣ ਪਿੱਛੋਂ ਕੰਗਨਾ ਨੇ ਭੜਾਸ ਕੱਢੀ ਹੈ। ਉਸ ਨੇ ਸ਼ਨੀਵਾਰ (8 ਮਈ) ਨੂੰ ਕੋਰੋਨਾ ਪਾਜ਼ੀਟਿਵ ਹੋਣ ਦੀ ਖ਼ਬਰ ਦੇ ਨਾਲ ਇਸ ਨੂੰ ਮਾਮੂਲੀ ਫਲੂ ਦੱਸ ਕੇ ਕਿਹਾ ਸੀ, ‘ਮੈਨੂੰ ਪਤਾ ਹੈ, ਮੈਂ ਇਸ ਨੂੰ ਖਤਮ ਕਰ ਦੇਵਾਂਗੀ’। ਜਦੋਂ ਉਸ ਦੀ ਇਸ ਪੋਸਟ ਉੱਤੇਨਵਾਂ ਵਿਵਾਦ ਹੋਇਆ ਤਾਂ ਇੰਸਟਾਗ੍ਰਾਮ ਨੇ ਸਖਤ ਕਦਮ ਚੁੱਕਿਆ ਅਤੇ ਇਸ ਪੋਸਟ ਨੂੰ ਮਿਟਾ ਦਿੱਤਾ।




ਕੰਗਨਾ ਨੇ ਆਪਣੀ ਤਾਜ਼ਾ ਇੰਸਟਾ ਸਟੋਰੀ ਉੱਤੇ ਆਪਣੀ ‘ਮਨ ਕੀ ਬਾਤ’ ਸ਼ੇਅਰਕਰਨ ਦੇ ਨਾਲ ਲਿਖਿਆ ਹੈ ਕਿ‘ਇੰਸਟਾਗ੍ਰਾਮ ਨੇ ਮੇਰੀ ਪੋਸਟ ਮਿਟਾ ਦਿੱਤੀ ਹੈ, ਜਿਸ ਵਿੱਚ ਮੈਂ ਕੋਵਿਡ ਨੂੰ ਖਤਮ ਕਰ ਦੇਣ ਦੀ ਧਮਕੀ ਦਿੱਤੀ ਸੀ। ਕਿਸੇ ਦੀਆਂ ਭਾਵਨਾਵਾਂ ਨੂੰ ਠੇਸ ਲੱਗੀ, ਮਤਲਬ ਕਿ ਅੱਤਵਾਦੀਆਂ ਅਤੇ ਕਮਿਊਨਿਸਟਾਂ ਨਾਲ ਹਮਦਰਦੀ ਰੱਖਣ ਵਾਲਾ ਸੁਣਿਆ ਸੀ ਟਵਿੱਟਰ ਉੱਤੇ, ਪਰ ਕੋਵਿਡ ਫੈਨ ਕਲੱਬ ਕਮਾਲ ਹੈ। ਇੰਸਟਾ ਉੱਤੇ ਦੋ ਦਿਨ ਹੋਏ ਹਨ, ਪਰ ਲੱਗਦਾ ਨਹੀਂ ਕਿ ਇਥੇ ਇਕ ਹਫਤੇ ਤੋਂ ਜ਼ਿਆਦਾ ਟਿਕ ਸਕਾਂਗੀ।’

ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ
Join and Represent Us
VISITOR TO CANADA INSURANCE
TRAVEL OUT INSURANCE
INTERNATIONAL STUDENT INSURANCE
OTHER INSURANCE PRODUCTS
Your Travel Safety Our Priority
JF Insurance Agency Group Inc.
Specialized in Hospital and Medical Insurance for Visitors, Canadian Travellers and International Students since 1992
905-707-1512
905-707-1513
Molly@jfgroup.ca
Toronto Head Office: 15 wertheim court # 501 Richmond Hill, ON L4B 3H7

REXDALE BODY SHOP
USED CAR SALE
Specialization In:
★ All Kinds of Body Work
★ Auto Glass Windshield
★ Denting, Painting & Welding
SPECIAL PAINT JOB $779
RENTAL CAR PROVIDED
25 years of Canadian Experience
OPEN MON - SAT 9AM TO 7PM
CHEEMA
LOWEST PRICE IN TOWN
ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
Call Rick or Manminder Cheema: 416.749.9596 /416.951.6431
Towing Service Car Paint Starts $799*upto 100% Deductible Paid*
30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com

Grand Upholstery Ltd
Sofa Company Originality in Every Piece
Special on Sale
● ਪੁਰਾਣੇ ਸੋਫਿਆਂ ਦੀ ਮੁਰੰਮਤ ਵੀ ਕੀਤੀ ਜਾਂਦੀ ਹੈ
● ਟੌਪ ਕੁਆਲਿਟੀ ਦੀ ਫੋਮ ਅਤੇ ਸਪਰਿੰਗ ਵਰਤੇ ਜਾਂਦੇ ਹਨ।
● ਆਪਣੀ ਮਨਪਸੰਦ ਦਾ ਕੋਈ ਵੀ L Shape ਡਿਜਾਇਨ ਅਤੇ ਰੰਗ ਚੁਣ ਸਕਦੇ ਹੋ।
● ਕੱਪੜਾ ਚਾੜ ਕੇ ਪੁਰਾਣਾ ਸੋਫਾ, ਡਾਇਨਿੰਗ ਚੇਅਰ ਨੂੰ ਨਵਿਆਂ ਵਰਗਾ ਬਣਾਉਂਦੇ ਹਾਂ
ਆਰਡਰ ਦੇ ਕੇ ਨਵੇਂ ਸੋਫੇ ਦੂਜੇ ਸਟੋਰਾਂ ਨਾਲੋ ਘੱਟ ਕੀਮਤ ਉਤੇ ਵੀ ਲੈ ਸਕਦੇ ਹੋ
ਕੁਆਲਿਟੀ ਮੂਹੋਂ ਬੋਲਦੀ ਹੈ
Tel: 905.791.2888 Cell: 647.293.3212
2053 williams Pkway unit #45, Brampton, ON L6S 5T4 Email: grandupholsery@gmail.com

NEED A LAWYER ??
KAUR LAW OFFICE
Red Seal NOTARY
REAL ESTATE LAWYER
● Residential & Commercial
● Sale/Purchase of House
● Mortgage & Refinancing
● Drafting/Reviewing Agreements
● Title Transfer
● 2nd Mortgage
IMMIGRATION
Skilled Worker Category
Spousal & Family Sponsorship
● Student Permits Visa & Renewals
● PR Renewal/ Citizenship Application
FAMILY LAWYER
● Child & Spousal support
● Custody & Access
● Divorce
● Equalization
BUSINESS LAW
● Incorporation & Shareholder agreements
● Sales & Purchase of Assets & Shares
● Notarization & Affidavits
WILLS & ESTATE
● Wills
● Certificate of Estate Trustee with/without Will
● Power of attorney for Property & Personal Care
MANJEET KAUR
LL.B., (London UK)
Barrister, Solicitor & Notary Public
Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

ukttc UK TRUCK TRAINING CENTRE
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge
Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Forklift Training
Forklift $79 Recertification
Counterbalance
Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979 | OPEN 7 DAYS uktruck1@gmail.com | Jitpal Singh Deol 647-204-1936

# ਪੰਜਾਬ ਵਿੱਚ ਕੋਰੋਨਾ ਨਾਲ ਫਿਰ ਰਿਕਾਰਡ 191 ਮੌਤਾਂ ਹੋਈਆਂ, 8531 ਨਵੇਂ ਕੇਸ ਮਿਲੇ

## * ਇੱਕੋ ਹਫਤੇ ਵਿੱਚ ਹੱਸਦੇ-ਵੱਸਦੇ ਪਰਿਵਾਰ ਦੇ 4 ਜੀਆਂ ਦੀ ਮੌਤ



ਚੰਡੀਗੜ੍ਹ, 9 ਮਈ, (ਪੋਸਟ ਬਿਊਰੋ)- ਕੋਰੋਨਾ ਵਾਇਰਸਨਾਲ ਅੱਜ ਪੰਜਾਬ ਵਿਚ ਰਿਕਾਰਡ 191 ਲੋਕਾਂ ਦੀ ਮੌਤ ਹੋਈ ਅਤੇ 8531 ਨਵੇਂ ਕੇਸ ਮਿਲੇ ਹਨ। ਅੱਜ ਲੁਧਿਆਣੇ ਵਿਚ ਰਿਕਾਰਡ 1729 ਨਵੇਂ ਕੇਸ ਮਿਲੇਤੇ ਸਭ ਤੋਂ ਵੱਧ 22 ਮੌਤਾਂ ਵੀ ਹੋਈਆਂ ਹਨ। ਨਵਾਂਸ਼ਹਿਰ ਜ਼ਿਲੇ ਤੋਂ ਬਿਨਾਂ ਪੰਜਾਬ ਦੇ ਹਰ ਜ਼ਿਲੇ ਵਿੱਚ ਅੱਜ ਕੋਈ ਨਾ ਕੋਈ ਮੌਤ ਹੋਈ ਹੈ ਅਤੇ ਸਾਰੇ ਪੰਜਾਬ ਵਿੱਚ ਕੁੱਲ ਮਿਲਾ ਕੇ 296 ਮਰੀਜ਼ ਗੰਭੀਰ ਹਾਲਤ ਵਿਚ ਵੈਂਟੀਲੇਟਰ ਉੱਤੇ ਹਨ।

ਪੰਜਾਬ ਦੇ ਸਿਹਤ ਵਿਭਾਗਦੇ ਅੰਕੜਿਆਂ ਮੁਤਾਬਕ 24 ਘੰਟਿਆਂ ਵਿਚ 8531 ਨਵੇਂ ਕੇਸ ਮਿਲੇ ਹਨ। ਲੁਧਿਆਣੇ ਵਿਚ ਅੱਜ ਐਤਵਾਰ ਨੂੰ ਰਿਕਾਰਡ 1729 ਕੇਸ ਮਿਲੇਅਤੇ ਮੋਹਾਲੀ ਵਿਚ 985, ਬਠਿੰਡਾ 812, ਜਲੰਧਰ ਵਿੱਚ 691, ਪਟਿਆਲੇ ਵਿਚ 677, ਅੰਮ੍ਰਿਤਸਰ 529, ਹੁਸ਼ਿਆਰਪੁਰ321 ਕੇਸ ਮਿਲੇ ਹਨ। ਸਭ ਤੋਂ ਘੱਟ ਕੇਸ ਤਰਨਤਾਰਨ ਜ਼ਿਲੇ ਵਿੱਚੋਂ ਸਿਰਫ 15 ਮਿਲੇ ਹਨ।ਇਸ ਦੌਰਾਨ ਅੱਜ ਲੁਧਿਆਣੇ ਵਿਚ 22 ਮੌਤਾਂ ਹੋਈਆਂ, ਅੰਮ੍ਰਿਤਸਰ ਵਿਚ 20, ਬਠਿੰਡਾ ਤੇ ਮੋਹਾਲੀ ਵਿਚ 17-17, ਪਟਿਆਲੇ ਵਿਚ 18, ਰੋਪੜ ਤੇ ਜਲੰਧਰ ਵਿਚ 12-12, ਫਾਜ਼ਿਲਕਾ ਤੇ ਮੁਕਤਸਰ ਵਿਚ 9-9, ਗੁਰਦਾਸਪੁਰ ਵਿਚ 7, ਫਿਰੋਜ਼ਪੁਰ ਅਤੇਹੁਸ਼ਿਆਰਪੁਰ ਵਿੱਚ6-6, ਬਰਨ-ਾਲਾ, ਫ਼ਰੀਦਕੋਟ, ਕਪੂਰਥਲਾ ਅਤੇ ਮਾਨਸਾ ਵਿਚ 4-4, ਫ਼ਤਹਿਗੜ੍ਹ ਸਾਹਿਬ, ਮੋਗਾ ਅਤੇ ਤਰਨਤਾਰਨ ਵਿਚ 2-2ਅਤੇ ਪਠਾਨਕੋਟ ਵਿਚ 4 ਮੌਤਾਂ ਹੋਈਆਂ ਹਨ।

ਇਸ ਦੌਰਾਨ ਸੰਗਰੂਰ ਜ਼ਿਲੇ ਵਿੱਚ ਪਿੰਡ ਤਕੀਪੁਰ ਵਿੱਚਇੱਕੋ ਹਫ਼ਤੇ ਵਿੱਚ ਇੱਕਪਰਿਵਾਰ ਦੇ 4 ਜੀਆਂ ਦੀ ਮੌਤ ਹੋ ਗਈ ਹੈ, ਜਿਸ ਪਿੱਛੋਂ ਲੋਕ ਘਰੋਂ ਨਿਕਲਣ ਤੋਂ ਡਰਨ ਲੱਗੇ ਹਨ। ਪਿੰਡ ਤਕੀਪੁਰ ਦੇ ਸਾਬਕਾ ਸਰਪੰਚ ਤਰਲੋਕ ਸਿੰਘ, ਉਸ ਦੇ ਦੋ ਪੁੱਤਰਾਂ ਅਤੇ ਇੱਕ ਧੀ ਦੀ ਕੋਰੋਨਾ ਦੇ ਕਾਰਨ ਮੌਤ ਹੋ ਗਈ ਅਤੇ ਉਨ੍ਹਾਂ ਹੱਸਦਾ-ਵਸਦਾ ਪਰਿਵਾਰ ਇੱਕ ਹਫਤੇ ਵਿੱਚ ਬਰਬਾਦ ਹੋ ਗਿਆ ਹੈ।ਕਰੀਬ 80 ਕਿੱਲੇ ਜ਼ਮੀਨ ਦਾ ਮਾਲਕ ਤਰਲੋਕ ਸਿੰਘ ਆਪਣੇ ਪਰਿਵਾਰ ਨਾਲ ਖ਼ੁਸ਼ੀ-ਖ਼ੁਸ਼ੀ ਜੀਵਨ ਗੁਜ਼ਾਰ ਰਿਹਾ ਸੀ। ਸਭ ਤੋਂ ਪਹਿਲਾ ਇਸ ਬਿਮਾਰੀ ਨਾਲ ਉਸ ਦੀ 55 ਸਾਲਾ ਧੀ ਸੁਖੀ (ਪਿੰਡ ਸੈਦੋਵਾਲ ਵਿਆਹੀ ਹੋਈ)ਪਿਛਲੀ 1 ਮਈ ਨੂੰ ਦਮ ਤੋੜ ਗਈ। ਫਿਰ 4 ਮਈ ਨੂੰ ਸਰਪੰਚ ਤਰਲੋਕ ਸਿੰਘ ਬਿਮਾਰੀ ਨਾਲ ਸੰਸਾਰ ਛੱਡ ਗਿਆ ਅਤੇ ਉਸ ਤੋਂ ਬਾਅਦ ਉਨ੍ਹਾਂ ਦੇ ਦੋਵੇਂ ਪੁੱਤਰਾਂ ਹਰਪਾਲ ਸਿੰਘ ਲਾਡੀ (47) ਤੇ ਜਸਪਾਲ ਸਿੰਘ ਜੱਸਾ (52) ਨੂੰ ਵੀ ਕੋਰੋਨਾ ਵਾਇਰਸ ਨੇ ਲਪੇਟ ਵਿੱਚ ਲੈ ਲਿਆ। ਦੋਵਾਂ ਭਰਾਵਾਂ ਦੀ ਨਾਜ਼ੁਕ ਹਾਲਤ ਕਾਰਨ ਪਟਿਆਲਾ ਦੇ ਇਕ ਹਸਪਤਾਲਦਾਖਲ ਕਰਵਾਇਆ ਗਿਆ, ਜਿਥੇ 7 ਮਈ ਨੂੰ ਹਰਪਾਲ ਸਿੰਘ ਲਾਡੀ ਤੇ 8 ਮਈ ਨੂੰ ਜਸਪਾਲ ਸਿੰਘ ਜੱਸਾ ਦੀ ਵੀ ਮੌਤ ਹੋ ਗਈ। ਪਿੰਡ ਵਾਸੀ ਇਨ੍ਹਾਂ ਅਤੇ ਹੋਰ ਮੌਤਾਂ ਦਾ ਕਾਰਨ ਅਜੇ ਵੀ ਕੁਦਰਤੀ ਜਾਂ ਹੋਰ ਦੱਸਦੇ ਹਨ, ਪਰ ਸਿਹਤ ਦੇ ਮਾਹਰਾਂ ਨੂੰ ਸ਼ੱਕ ਹੈ ਕਿ ਮਰਨ ਵਾਲੇ ਹੋਰ ਲੋਕਾਂ ਵਿੱਚੋਂ ਵੀ ਕੁਝ ਕੋਰੋਨਾ ਪਾਜ਼ੇਟਿਵ ਵੀ ਹੋ ਸਕਦੇ ਹਨ।

Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Gyan Singh, |
| Office Admin | Sajandeep Singh |
| Graphic Designer | Angrez Singh |
| Photographer | Kanwaljit Singh Kanwal |
| Distributer | Aman Warraich |
| Marketing: | Sajandeep Singh |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

ਫਾਰਮਾਂ ਵਿਚ ਕੰਮ ਕਰਨ ਲਈ ਕਾਮਿਆਂ ਦੀ ਲੋੜ
ਬਰੈਂਪਟਨ, ਮਿਸੀਸਾਗਾ, ਮਾਲਟਨ, ਮਿਲਟਨ, ਕੈਲੇਡਨ ਤੋਂ ਪਿਕਅਪ। ਵਧੀਆ ਤਨਖਾਹ ਦਿੱਤੀ ਜਾਵੇਗੀ।
ਸੰਪਰਕ: ਅਜੈਬ ਸਹੋਤਾ
4165618882, 4164544587

# 40,000 ਰੁਪਏ ਰਿਸ਼ਵਤ ਲੈਂਦੇ ਦੋ ਫਾਰਮਾਸਿਸਟ ਗ੍ਰਿਫ਼ਤਾਰ

ਖੇਮਕਰਨ, 9 ਮਈ (ਪੋਸਟ ਬਿਊਰੋ)- ਵਿਜੀਲੈਂਸ ਵਿਭਾਗ ਤਰਨਤਾਰਨ ਦੀ ਟੀਮ ਨੇ ਸਮੂਹਿਕ ਸਿਹਤ ਕੇਂਦਰ ਖੇਮਕਰਨ ਵਿਖੇ ਦੋ ਫਾਰਮਾਸਿਸਟਾਂ ਨੂੰ ਛਾਪਾ ਮਾਰ ਕੇ ਰੰਗੇ ਹੱਥੀਂ ਰਿਸ਼ਵਤ ਲੈਂਦਿਆਂ ਫੜਿਆ ਹੈ। ਇਸ ਦੇ ਨਾਲ ਇੱਥੇ ਤਾਇਨਾਤ ਇੱਕ ਮੈਡੀਕਲ ਅਫਸਰ ਨੂੰ ਵੀ ਇਸ ਕੇਸ ਵਿੱਚ ਸ਼ਾਮਲ ਕੀਤਾ ਗਿਆ ਹੈ।

ਨੇੜਲੇ ਪਿੰਡ ਭੂਰਾ ਕੋਹਨਾ ਦੇ ਸੁਖਜੀਤ ਸਿੰਘ ਉਰਫ ਸ਼ਾਮਾ ਨੇ ਵਿਜੀਲੈਂਸ ਵਿਭਾਗ ਨੂੰ ਸ਼ਿਕਾਇਤ ਕੀਤੀ ਸੀ ਕਿ ਸਰਹੱਦੀ ਪਿੰਡ ਮਹਿੰਦੀਪੁਰ ਵਿਖੇ ਉਨ੍ਹਾਂ ਦਾ ਝਗੜਾ ਹੈ ਤੇ ਦੂਜੀ ਧਿਰ ਨੇ ਉਸਦੇ ਪਿਤਾ ਜਸਵੰਤ ਸਿੰਘ ਨੂੰ ਸੱਟਾਂ ਲੱਗੀਆਂ ਸਨ ਤੇ ਉਹ ਜ਼ਖ਼ਮੀ ਹਾਲਤ ਵਿੱਚ ਅੰਮ੍ਰਿਤਸਰ ਵਿਖੇ ਹਸਪਤਾਲ ਦਾਖਲ ਹੈ। ਮੈਂ ਪਿਛਲੇ ਕਈ ਦਿਨਾਂ ਤੋਂ ਸਮੂਹਿਕ ਸਿਹਤ ਕੇਂਦਰ ਖੇਮਕਰਨ ਵਿਖੇ ਸਟਾਫ ਨੂੰ ਮੈਡੀਕਲ ਰਿਪੋਰਟ ਥਾਣਾ ਖੇਮਕਰਨ ਭੇਜਣ ਲਈ ਆਖ ਰਿਹਾ ਹਾਂ, ਪਰ ਹਸਪਤਾਲ ਦੇ ਦੋਵੇਂ ਫਾਰਮਾਸਿਸਟ ਸੁਰੇਸ਼ ਕੁਮਾਰ ਤੇ ਸੁਖਪਾਲ ਸਿੰਘ ਮੈਡੀਕਲ ਰਿਪੋਰਟ ਬਦਲੇ ਲੱਖ ਰੁਪਏ ਦੀ ਰਿਸ਼ਵਤ ਮੰਗਦੇ ਸਨ, ਜਿਸ ਬਾਰੇ ਉਨ੍ਹਾਂ ਦਾ ਸੌਦਾ 80 ਹਜ਼ਾਰ ਰੁਪਏ ਤੈਅ ਹੋ ਗਿਆ ਸੀ। ਉਨ੍ਹਾਂ ਨੇ 20 ਹਜ਼ਾਰ ਰੁਪਏ ਲੈ ਲਏ ਅਤੇ 40 ਹਜ਼ਾਰ ਰੁਪਏ ਕੱਲ੍ਹ ਲੈਣੇ ਸਨ। ਇਨ੍ਹਾਂ ਤੋਂ ਪ੍ਰੇਸ਼ਾਨ ਹੋ ਕਿਉਸ ਨੇ ਵਿਜੀਲੈਂਸ ਨੂੰ ਸ਼ਿਕਾਇਤ ਕੀਤੀ, ਜਿਸ ਉੱਤੇ ਵਿਜੀਲੈਂਸ ਵਿਭਾਗ ਨੇ ਕੱਲ੍ਹ ਸਰਕਾਰੀ ਹਸਪਤਾਲ ਖੇਮਕਰਨ ਵਿਖੇ ਦੋਵਾਂ ਨੂੰ ਰੰਗੇ ਹੱਥੀਂ 40 ਹਜ਼ਾਰ ਰੁਪਏ ਰਿਸ਼ਵਤ ਲੈਂਦਿਆਂ ਫੜ ਲਿਆ ਹੈ। ਪਤਾ ਲੱਗਾ ਹੈ ਕਿ ਵਿਜੀਲੈਂਸ ਵੱਲੋਂ ਇਨ੍ਹਾਂ ਦੋਵਾਂ ਫਾਰਮਾਸਿਸਟਾਂ ਦੀ ਜਾਂਚ ਪਿੱਛੋਂ ਸਰਕਾਰੀ ਹਸਪਤਾਲ ਖੇਮਕਰਨ ਵਿਖੇ ਮੈਡੀਕਲ ਅਫ਼ਸਰ ਕੰਵਰਤਾਜ ਸਿੰਘ ਨੂੰ ਵੀ ਇਸ ਕੇਸ ਵਿੱਚ ਨਾਮਜ਼ਦ ਕੀਤਾ ਹੈ।

A-One Drivers
TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
] ਮੁਫਤ ਪਿਕਅਪ ਅਤੇਂ ਡਰਾਪ ਆਫ਼
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ
ਲੇਡੀਜ਼ ਇੰਸਟ੍ਰਕਟਰ
647-998-7500 ਬਲਵਿੰਦਰ



ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates
ਵਨਾਈਲ ਅਤੇ ਐਲੁਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
SINGH (TOCHI)
416-454-3031
647-784-8240
Email: tochisangha1@hotmail.com
CANADIAN GLASS AND WINDOW



BEST CANADIAN TRUCK & FORKLIFT TRAINING CENTRE
Registered as a Private Career College Under the Private Career College Act. 2005
BEST CANADIAN TRUCK & FORKLIFT TRAINING CENTRE
AZ Tractor trailer program
Manual transmission & backup training everyday
We welcome welfare workers & compensation clients
Open Seven Days
Forklift Re-Certification Only $79.00/-
Karnail Singh
416.670.3173 | 905.799.7333
27 Edvac Dr, Brampton, ON L6S 5X8








Visions of Punjab
VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com
Natasha Mahal
Co-Host
Iqbal Mahal
Producer & Host
Serving the South Asian Community Since 1976

ਜ਼ਰੂਰ ਜਾਣੋ; ਗਿਆਨ ਗੰਗਾ
।। ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ।।
- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org
IPTV ਦੁਆਰਾ ਸਤਸੰਗ ਦੇਖੋ
Sadhna : 11:00 Am - 12:00 PM
Ishwar : 10:00 Am- 11:00 AM
MH One: 4:30 AM- 5:30 AM
Lok Shahi: 8:25 AM - 9:25 AM
Nepal 1: 8:30 PM -9:30 PM
Subharti : 10:30 AM- 11:30 AM
जन तंत्र: 7:30 PM - 8:30 PM
ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com
satsahibusa@gmail.com
647-739-4641
346-714-0224



KAMAL SANDHU
Sales Representative
647.891.0143
RE/MAX GOLD
realtorkamalsandhu@gmail.com
www.arearealtor.com
Looking For a Nest..? Call the Best



FOR SALE
CLOSING IN APRIL 2021
Bedroom 4
Bathroom 2+1
Size (Sq.Ft.) 2455
Home Details 42'
EXCLUSIVE FOR SALE IN WOODSTOCK




FOR SALE
EXCLUSIVE
JAMES C
CLOSING IN APRIL 2021
Bedroom 4
Bathroom 2+1
Size (Sq.Ft.) 2250
Home Details 36'
3+1 bdrms with finished Basement



FOR SALE
Kamal Sandhu 647-891-0143
Re/Max Gold Realty Inc Brokerage
Just listed for sale on MLS, 5 Sedgegrass way Brampton
KAMAL SANDHU RE/MAX GOLD REALTY INC BROKERAGE

# ਆਦਮ ਖਾਣੀ ਅਪਰੈਲ ਮਗਰੋਂ ਮੌਤ ਮੂੰਹੀਂ ਮਈ ਕਿੱਦਾਂ ਭੁਗਤ ਰਿਹਾ ਹੈ ਭਾਰਤ!



ਜਤਿੰਦਰ ਪੰਨੂ

ਅਸੀਂ ਪਿਛਲੇ ਹਫਤੇ ਇਹ ਜ਼ਿਕਰ ਕੀਤਾ ਸੀ ਕਿ ਸਮੁਚੇ ਭਾਰਤ ਉੱਤੇ ਕਬਜ਼ੇ ਲਈ ਇੱਕ ਲੀਡਰ ਦੀ ਲਾਲਸਾ ਦੀ ਦਾੜ੍ਹ ਹੇਠ ਆਏ ਹੋਏ ਭਾਰਤ ਵਿੱਚ ਕੋਰੋਨਾ ਵਾਇਰਸ ਦੀ ਮਾਰ ਪਿਛਲੇ ਸਮੇਂ ਵਿੱਚ ਕਿਸ ਤਰ੍ਹਾਂ ਵਧੀ ਹੈ। ਅਸੀਂ ਲਿਖਿਆ ਸੀ ਕਿ 'ਫਰਵਰੀ ਦੇ ਅੰਤਲੇ ਦਿਨ ਕੋਰੋਨਾ ਵਾਇਰਸ ਦੇ ਐਕਟਿਵ ਕੇਸਾਂ ਦੀ ਗਿਣਤੀ ਭਾਰਤ ਵਿੱਚ ਇੱਕ ਲੱਖ ਸੱਤਰ ਹਜ਼ਾਰ ਤੋਂ ਥੋੜ੍ਹੀ ਉੱਤੇ ਸੀ, ਮਾਰਚ ਦੇ ਅੰਤਲੇ ਦਿਨ ਤੱਕ ਚੋਣਾਂ ਲਈ ਰਾਜਸੀ ਲੀਡਰਾਂ ਦੇ ਜਲਸੇ ਸ਼ੁਰੂ ਹੋਣ ਕਾਰਨ ਪੰਜ ਲੱਖ ਪਚਾਸੀ ਹਜ਼ਾਰ ਤੋਂ ਟੱਪ ਗਈ ਤੇ ਪ੍ਰਧਾਨ ਮੰਤਰੀ ਨੇ ਦੌਰੇ ਓਦੋਂ ਸਮੇਟੇ, ਜਦੋਂ ਐਕਟਿਵ ਕੇਸਾਂ ਦੀ ਗਿਣਤੀ ਵੀਹ ਲੱਖ ਤੋਂ ਟੱਪ ਗਈ। ਫਿਰ ਇਹ ਰੁਕੀ ਨਹੀਂ। ਹਾਲਾਤ ਕਾਬੂ ਤੋਂ ਬਾਹਰ ਹੋਣ ਨਾਲ ਅਪਰੈਲ ਮੁੱਕਣ ਤੱਕ ਇਹ ਗਿਣਤੀ ਬੱਤੀ ਲੱਖ ਟੱਪ ਗਈ। ਫਰਵਰੀ ਮੁੱਕਣ ਤੱਕ ਮੌਤਾਂ ਦੀ ਗਿਣਤੀ ਭਾਰਤ ਵਿੱਚ ਅਜੇ ਇੱਕ ਲੱਖ ਸਤਵੰਜਾ ਹਜ਼ਾਰ ਤੋਂ ਡੇਢ ਸੌ ਉੱਤੇ ਸੀ, ਮਾਰਚ ਮੁੱਕਣ ਤੱਕ ਇਹ ਇੱਕ ਲੱਖ ਤਰੇਹਠ ਹਜ਼ਾਰ ਦੇ ਨੇੜੇ ਪਹੁੰਚੀ, ਪਰ ਅਪਰੈਲ ਮੁੱਕਣ ਤੱਕ ਭਾਰਤ ਵਿੱਚ ਮੌਤਾਂ ਦੀ ਗਿਣਤੀ ਦੋ ਲੱਖ ਦਸ ਹਜ਼ਾਰ ਟੱਪ ਗਈ। ਅਪਰੈਲ ਦਾ ਮਹੀਨਾ ਭਾਰਤ ਵਿੱਚ ਸੰਤਾਲੀ ਹਜ਼ਾਰ ਮੌਤਾਂ ਦਾ ਕਾਰਨ ਬਣ ਗਿਆ। ਇਤਿਹਾਸ ਵਿੱਚ ਭਾਰਤ ਵਿੱਚ ਕਦੇ ਏਨੀਆਂ ਮੌਤਾਂ ਨਹੀਂ ਹੋਈਆਂ।'

ਸਪੱਸ਼ਟ ਹੈ ਕਿ ਇੱਕ ਆਗੂ ਦੀ ਰਾਜਸੀ ਹਾਬੜ ਦੇ ਕਾਰਨ ਅਪਰੈਲ ਆਦਮ-ਖਾਣਾ ਸਾਬਤ ਹੋਇਆ ਸੀ। ਮਈ ਦੇ ਪਹਿਲੇ ਹਫਤੇ ਨੇ ਗੱਲ ਹੋਰ ਅੱਗੇ ਵਧਾ ਦਿੱਤੀ ਹੈ। ਇਸ ਦੇ ਨਾਲ ਹੀ ਸਰਕਾਰ ਚਲਾਉਣ ਵਾਲਿਆਂ ਦੀ ਲੋਕਾਂ ਵੱਲ ਅਸਲੋਂ ਬੇਫਿਕਰੀ ਵੀ ਹੋਰ ਨੰਗੀ ਕਰ ਦਿੱਤੀ ਹੈ। ਭਾਰਤ ਵਿੱਚ ਕੋਰੋਨਾ ਦੇ ਐਕਟਿਵ ਕੇਸਾਂ ਦੀ ਗਿਣਤੀ ਮਾਰਚ ਅੰਤ ਤੀਕਰ ਪੰਜ ਲੱਖ ਪਚਾਸੀ ਹਜ਼ਾਰ ਹੋਈ ਸੀ, ਅਪਰੈਲ ਮੁੱਕਣ ਤੱਕ ਬੱਤੀ ਲੱਖ ਟੱਪੀ ਸੀ, ਉਹ ਮਈ ਦੇ ਪਹਿਲੇ ਸੱਤ ਦਿਨਾਂ ਵਿੱਚ ਸੈਂਤੀ ਲੱਖ ਨੂੰ ਟੱਪ ਗਈ ਹੈ। ਮੌਤਾਂ ਦੀ ਗਿਣਤੀ ਫਰਵਰੀ ਮੁੱਕਣ ਤੱਕ ਅਜੇ ਇੱਕ ਲੱਖ ਸਤਵੰਜਾ ਹਜ਼ਾਰ ਤੋਂ ਡੇਢ ਸੌ ਉੱਤੇ ਸੀ, ਮਾਰਚ ਮੁੱਕਣ ਤੱਕ ਵਧ ਕੇ ਇੱਕ ਲੱਖ ਤਰੇਹਠ ਹਜ਼ਾਰ ਦੇ ਨੇੜੇ ਪਹੁੰਚੀ ਸੀ, ਪਰ ਅਪਰੈਲ ਮੁੱਕਣ ਤੱਕ ਇਹੋ ਗਿਣਤੀ ਦੋ ਲੱਖ ਦਸ ਹਜ਼ਾਰ ਟੱਪ ਗਈ ਸੀ। ਮਈ ਦੇ ਪਹਿਲੇ ਸੱਤ ਦਿਨਾਂ ਪਿੱਛੋਂ ਇਹ ਦੋ ਲੱਖ ਅਠੱਤੀ ਹਜ਼ਾਰ ਹੋ ਗਈ ਹੈ ਅਤੇ ਇਸ ਦਾ ਮਤਲਬ ਹੈ ਕਿ ਇੱਕੋ ਹਫਤੇ ਵਿੱਚ ਅਠਾਈ ਹਜ਼ਾਰ ਮੌਤਾਂ ਹੋ ਗਈਆਂ ਹਨ। ਜੇ ਏਹੋ ਰਫਤਾਰ ਜਾਰੀ ਰਹੇਗੀ ਤਾਂ ਆਦਮ-ਖਾਣੇ ਅਪਰੈਲ ਦੇ ਬਾਅਦ ਮੌਤ-ਮੂੰਹੀਂ ਮਈ ਕਿੱਥੋਂ ਤੱਕ ਪੁਚਾਵੇਗੀ, ਕਹਿ ਸਕਣਾ ਔਖਾ ਹੈ। ਹਾਲਾਤ ਏਦਾਂ ਦੇ ਹਨ ਕਿ ਇਸ ਬਾਰੇ ਕੋਈ ਵੱਡੇ ਤੋਂ ਵੱਡਾ ਡਾਕਟਰ ਜਾਂ ਵਾਇਰਾਲੋਜੀ ਦਾ ਹੋਰ ਮਾਹਰ ਕੁਝ ਕਹਿਣ ਦੇ ਸਮਰੱਥ ਨਹੀਂ।



ਜੀ ਹਾਂ, ਕੋਈ ਕੁਝ ਕਹਿਣ ਦੇ ਇਸ ਕਰ ਕੇ ਵੀ ਸਮਰੱਥ ਨਹੀਂ ਕਿ ਇਸ ਵਕਤ ਭਾਰਤ ਦੇਸ਼ ਦੀ ਡੋਰ ਉਹ ਆਗੂ ਫੜੀ ਬੈਠਾ ਹੈ, ਜਿਹੜਾ ਖੁਦ ਨੂੰ ਦੇਸ਼ ਦਾ ਆਗੂ ਘੱਟ ਮੰਨਦਾ ਤੇ ਰਾਜਾ ਮੰਨਣ ਦੀ ਮਾਨਸਿਕਤਾ ਦਾ ਵੱਧ ਸ਼ਿਕਾਰ ਹੈ। ਉਸ ਦੀ ਹਉਮੈ ਏਥੋਂ ਤੱਕ ਚਲੀ ਗਈ ਹੈ ਕਿ ਸਿਸਟਮ ਦਾ ਕੋਈ ਨੁਕਸ ਵੀ ਕੱਢਿਆ ਜਾਵੇ ਤਾਂ ਉਹ ਆਪਣੇ ਵੱਲ ਉਂਗਲ ਉਠ ਰਹੀ ਮੰਨਦਾ ਤੇ ਉਸ ਉਂਗਲ ਅਤੇ ਉਂਗਲ ਉਠਾਉਣ ਵਾਲੇ ਨੂੰ ਨਿਸ਼ਾਨੇ ਉੱਤੇ ਰੱਖ ਸਕਦਾ ਹੈ, ਪਰ ਦੇਸ਼ ਵਿੱਚ ਜਿਹੋ ਜਿਹੇ ਹਾਲਾਤ ਹਨ, ਜਿੰਦਾਂ ਦਾ ਚੀਕ-ਚਿਹਾੜਾ ਪੈਂਦਾ ਅਸੀਂ ਲੋਕ ਸੁਣ ਰਹੇ ਹਾਂ, ਉਹ ਉਸ ਨੂੰ ਨਹੀਂ ਸੁਣਦਾ। ਜੇ ਉਹ ਆਗੂ ਲੋਕਾਂ ਦੀਆਂ ਚੀਕਾਂ ਸੁਣ ਸਕਦਾ ਤਾਂ ਉਸ ਨੂੰ ਸੁਣ ਜਾਣਾ ਸੀ ਕਿ ਇੱਕ ਦਿਨ ਤਾਮਿਲ ਨਾਡੂ ਦੇ ਸ਼ਹਿਰ ਚੇਂਗਲਪੱਟੂ ਦੇ ਸਰਕਾਰੀ ਹਸਪਤਾਲ ਵਿੱਚ ਆਕਸੀਜਨ ਮੁੱਕ ਗਈ ਤਾਂ ਤੇਰਾਂ ਮਰੀਜ਼ਾਂ ਦੀ ਮੌਤ ਹੋ ਗਈ ਸੀ। ਓਦੋਂ ਤੱਕ ਅਜੇ ਨਵੇਂ ਮੁੱਖ ਮੰਤਰੀ ਨੇ ਸਹੁੰ ਨਹੀਂ ਸੀ ਚੁੱਕੀ। ਪ੍ਰਧਾਨ ਮੰਤਰੀ ਮੋਦੀ ਕਹਿ ਸਕਦਾ ਹੈ ਕਿ ਓਥੇ ਮੇਰਾ ਰਾਜ ਨਹੀਂ ਤੇ ਨਾਲੇ ਉਹ ਬੜੀ ਦੂਰ ਦੱਖਣ ਦੇ ਰਾਜ ਦੀ ਗੱਲ ਹੈ, ਇਸ ਲਈ ਪਤਾ ਨਹੀਂ ਲੱਗਾ, ਪਰ ਉੱਤਰਾ ਖੰਡ ਹੈ ਵੀ ਨੇੜੇ ਤੇ ਉਸ ਰਾਜ ਦੀ ਸਰਕਾਰ ਵੀ ਨਰਿੰਦਰ ਮੋਦੀ ਦੇ ਆਸ਼ੀਰਵਾਦ ਨਾਲ ਭਾਜਪਾ ਦੀ ਹੈ। ਜਿਸ ਦਿਨ ਚੇਂਗਲਪੱਟੂ ਵਿੱਚ ਮੌਤਾਂ ਹੋਈਆਂ, ਉੱਤਰਾ ਖੰਡ ਰਾਜ ਦੇ ਰੁੜਕੀ ਵਿੱਚ ਵੀ ਓਸੇ ਦਿਨ ਆਕਸੀਜਨ ਮੁੱਕ ਜਾਣ ਨਾਲ ਪੰਜ ਮਰੀਜ਼ਾਂ ਦੀ ਮੌਤ ਹੋ ਗਈ ਸੀ ਤੇ ਭਾਜਪਾ ਸਰਕਾਰ ਨੇ ਜ਼ਿੰਮੇਵਾਰੀ ਨਹੀਂ ਸੀ ਲਈ। ਸ਼ਾਇਦ ਉੱਤਰਾ ਖੰਡ ਵੀ ਦੂਰ ਹੋਵੇਗਾ, ਪਰ ਭਾਰਤ ਦੇਸ਼ ਦੀ ਰਾਜਧਾਨੀ ਦਿੱਲੀ ਦੇ ਕੌਮਾਂਤਰੀ ਹਵਾਈ ਅੱਡੇ ਤੋਂ ਮਸਾਂ ਚਾਰ ਕਿਲੋਮੀਟਰ ਭਾਜਪਾ ਦੀ ਹਰਿਆਣਾ ਸਰਕਾਰ ਵਾਲੇ ਗੁਰੂ ਗ੍ਰਾਮ ਵਿੱਚ ਵੀ ਓਸੇ ਦਿਨ ਆਕਸੀਜਨ ਮੁੱਕ ਜਾਨ ਨਾਲ ਪੰਜ ਮਰੀਜ਼ਾਂ ਦੀ ਮੌਤ ਹੋ ਗਈ ਸੀ। ਜਿੰਦਾਂ ਦਾ ਪ੍ਰਧਾਨ ਮੰਤਰੀ, ਓਦਾਂ ਦੇ ਇਸ ਦੇਸ਼ ਦੇ ਵੱਖ-ਵੱਖ ਰਾਜਾਂ ਵਿੱਚ ਮੁੱਖ ਮੰਤਰੀ ਅਤੇ ਉਹੋ ਜਿਹਾ ਰਾਜ ਚੱਲੀ-ਚਲਾਈ ਜਾਂਦਾ ਹੈ, ਜਿਸ ਵਿੱਚ ਮਰੀਜ਼ਾਂ ਦਾ ਮਰ ਜਾਣਾ ਕੋਈ ਖਾਸ ਅਰਥ ਨਹੀਂ ਰੱਖਦਾ ਜਾਪਦਾ। ਜੇ ਲੋਕਾਂ ਦਾ ਮਰਨਾ ਕੁਝ ਅਰਥ ਰੱਖਦਾ ਹੁੰਦਾ ਤਾਂ ਉਹ ਕੁਝ ਨਾ ਹੁੰਦਾ, ਜੋ ਹੋ ਰਿਹਾ ਹੈ।

ਪ੍ਰਧਾਨ ਮੰਤਰੀ ਅਤੇ ਉਸ ਦੀ ਪਾਰਟੀ ਦੀ ਸਰਕਾਰ ਭਾਰਤ ਦੇ ਸਭ ਤੋਂ ਵੱਡੇ ਰਾਜ ਉੱਤਰ ਪ੍ਰਦੇਸ਼ ਵਿੱਚ ਵੀ ਹੈ ਤੇ ਉਸ ਰਾਜ ਵਿੱਚ ਇਸ ਪਾਰਟੀ ਦੇ ਚਾਰ ਵਿਧਾਇਕ ਕੋਰੋਨਾ ਦੀ ਬਿਮਾਰੀ ਨਾਲ ਮਰ ਚੁੱਕੇ ਹਨ। ਤੀਸਰੇ ਵਿਧਾਇਕ ਦੀ ਮੌਤ ਹੋਈ ਤਾਂ ਉਸ ਦੇ ਪੁੱਤਰ ਨੇ ਰੋਂਦਿਆਂ ਕਿਹਾ ਕਿ ਮੇਰਾ ਬਾਪ ਆਪਣੀ ਪਾਰਟੀ ਦੇ ਮੁੱਖ ਮੰਤਰੀ ਆਦਿਤਿਆਨਾਥ ਦੇ ਦਫਤਰ ਨੂੰ ਫੋਨ ਕਰਦਾ ਰਿਹਾ, ਕਿਸੇ ਨੇ ਫੋਨ ਨਹੀਂ ਚੁੱਕਿਆ, ਉਸ ਨੇ ਚਿੱਠੀ ਭੇਜੀ ਤਾਂ ਕਿਸੇ ਨੇ ਨਹੀਂ ਪੜ੍ਹੀ ਤੇ ਜਦੋਂ ਉਸ ਦੀ ਮੌਤ ਬਾਰੇ ਭਾਜਪਾ ਦਫਤਰ ਨੂੰ ਦੱਸਿਆ ਤਾਂ ਓਥੋਂ ਵੀ ਕਿਸੇ ਪ੍ਰਵਾਹ ਨਹੀਂ ਸੀ ਕੀਤੀ। ਸਾਰੀ ਉਮਰ ਦਾ ਭਾਜਪਾ ਦਾ ਵਫਾਦਾਰ ਵਰਕਰ ਆਕਸੀਜਨ ਦੇ ਇੱਕ ਸਿਲੰਡਰ ਨੂੰ ਰੋਂਦਾ ਜਾਨ ਦੇ ਗਿਆ, ਜਦੋਂ ਪਾਰਟੀ ਤੇ ਸਰਕਾਰ ਆਪਣੇ ਉਸ ਵਿਧਾਇਕ ਦੀ ਸਾਰ ਲੈਣ ਨਹੀਂ ਗਈ ਤਾਂ ਉਹ ਆਮ ਲੋਕਾਂ ਬਾਰੇ ਵੀ ਚਿੰਤਾ ਨਹੀਂ ਕਰਨ ਲੱਗੀ। ਇਹੋ ਕਾਰਨ ਹੈ ਕਿ ਇਸ ਦੇਸ਼ ਵਿੱਚ ਹਰ ਕਿਸੇ ਰਾਜ ਦੀ ਸਰਕਾਰ ਆਕਸੀਜਨ ਦੇ ਚਾਰ ਸਿਲੰਡਰ ਲੈਣ ਲਈ ਪਹਿਲਾਂ ਹਾਈ ਕੋਰਟ ਵੱਲ ਅਤੇ ਫਿਰ ਸੁਪਰੀਮ ਕੋਰਟ ਵੱਲ ਦੌੜਾਂ ਲਾਉਂਦੀ ਦਿਖਾਈ ਦੇਂਦੀ ਹੈ। ਅਰਵਿੰਦ ਕੇਜਰੀਵਾਲ ਤਾਂ ਨਰਿੰਦਰ ਮੋਦੀ ਨੂੰ ਬਰਦਾਸ਼ਤ ਨਹੀਂ ਹੁੰਦਾ, ਪਰ ਜਿਸ ਕਰਨਾਟਕ ਵਿੱਚ ਵਿਰੋਧੀ ਧਿਰਾਂ ਦਾ ਤਖਤ ਪਲਟ ਕੇ ਭਾਜਪਾ ਦੇ ਯੇਦੀਯੁਰੱਪਾ ਨੂੰ ਮੁੱਖ ਮੰਤਰੀ ਬਣਨ ਦਾ ਮੌਕਾ ਦਿੱਤਾ ਸੀ, ਉਸ ਦੀ ਸਰਕਾਰ ਵੀ ਕੇਂਦਰ ਦੀ ਨਰਿੰਦਰ ਮੋਦੀ ਸਰਕਾਰ ਦੇ ਖਿਲਾਫ ਹਾਈ ਕੋਰਟ ਜਾ ਪੁੱਜੀ ਹੈ। ਭਾਜਪਾ ਦੀ ਕਰਨਾਟਕਾ ਸਰਕਾਰ ਦੀ ਅਰਜ਼ੀ ਉੱਤੇ ਹਾਈ ਕੋਰਟ ਨੇ ਭਾਜਪਾ ਦੀ ਕੇਂਦਰ ਸਰਕਾਰ ਦੇ ਖਿਲਾਫ ਹੁਕਮ ਕਰ ਦਿੱਤਾ ਕਿ ਇਸ ਰਾਜ ਨੂੰ ਲੋੜ ਜੋਗੀ ਆਕਸੀਜਨ ਸਪਲਾਈ ਦਿੱਤੀ ਜਾਵੇ ਤਾਂ ਨਰਿੰਦਰ ਮੋਦੀ ਦੀ ਅਗਵਾਈ ਹੇਠਲੀ ਭਾਜਪਾ ਦੀ ਕੇਂਦਰ ਸਰਕਾਰ ਆਪਣੀ ਹੀ ਪਾਰਟੀ ਦੀ ਕਰਨਾਟਕ ਸਰਕਾਰ ਵਿਰੁੱਧ ਸੁਪਰੀਮ ਕੋਰਟ ਜਾ ਪੁੱਜੀ। ਸੁਪਰੀਮ ਕੋਰਟ ਨੇ ਕਿਹਾ ਕਿ ਕਰਨਾਟਕ ਦੀ ਸਰਕਾਰ ਵੀ ਠੀਕ ਕਹਿੰਦੀ ਹੈ, ਹਾਈ ਕੋਰਟ ਨੇ ਵੀ ਗਲਤ ਨਹੀਂ ਕੀਤਾ ਅਤੇ ਉਸ ਕੋਰਟ ਦੇ ਹੁਕਮ ਨੂੰ ਰੱਦ ਕਰਾਉਣ ਦੀ ਥਾਂ ਕੇਂਦਰ ਦੀ ਮੋਦੀ ਸਰਕਾਰ ਕੁਝ ਕਰ ਕੇ ਦੱਸੇ। ਨਰਿੰਦਰ ਮੋਦੀ ਸਰਕਾਰ ਨੇ ਅਦਾਲਤ ਨੂੰ ਫਿਰ ਟਾਲਣ ਦਾ ਯਤਨ ਕੀਤਾ ਤਾਂ ਸੁਪਰੀਮ ਕੋਰਟ ਦੇ ਜੱਜਾਂ ਨੇ ਕਿਹਾ ਕਿ ਕੇਂਦਰ ਸਰਕਾਰ ਇਹੋ ਜਿਹੇ ਹਾਲਾਤ ਪੈਦਾ ਨਾ ਕਰੇ ਕਿ ਸਾਨੂੰ ਉਸ ਦੇ ਖਿਲਾਫ ਹੋਰ ਸਖਤੀ ਕਰਨੀ ਪੈ ਜਾਵੇ। ਮੋਦੀ ਸਰਕਾਰ ਆਪਣੀ ਪਾਰਟੀ ਦੀ ਰਾਜ ਸਰਕਾਰ ਨੂੰ ਵੀ ਤੰਗ ਕਰਦੀ ਹੈ।

ਇਸ ਹਾਲਤ ਵਿੱਚ ਕਿਸੇ ਨੇ ਇੱਕ ਸੰਦੇਸ਼ ਭੇਜਿਆ ਹੈ ਕਿ ਦੇਸ਼ ਦਾ ਇਤਿਹਾਸ ਇਹ ਗੱਲ ਕਦੀ ਭੁੱਲ ਨਹੀਂ ਸਕੇਗਾ ਕਿ ਇਸ ਦੇਸ਼ ਦੇ ਇੱਕ ਹਾਕਮ ਨੇ ਆਪਣੀ ਸੱਤਾ ਦੇ ਲਾਲਚ ਵਿੱਚ ਦੇਸ਼ ਨੂੰ ਸ਼ਮਸ਼ਾਨ ਬਣਾ ਦਿੱਤਾ ਸੀ। ਅਸੀਂ ਉਸ ਸੰਦੇਸ਼ ਨਾਲ ਪੂਰੇ ਸਹਿਮਤ ਨਹੀਂ, ਪਰ ਇਹ ਗੱਲ ਕਹਿ ਸਕਦੇ ਹਾਂ ਕਿ ਦੇਸ਼ ਨੂੰ ਸ਼ਮਸ਼ਾਨ ਬਣਾ ਭਾਵੇਂ ਨਾ ਦਿੱਤਾ ਹੋਵੇ, ਸ਼ਮਸਾਨ ਬਣਦਾ ਨਹੀਂ ਰੋਕਿਆ। ਜਦੋਂ ਉਸ ਨੂੰ ਕੁਝ ਕਰਨ ਦੀ ਲੋੜ ਸੀ, ਉਹ ਚੋਣ-ਚੱਕਰ ਵਿੱਚ ਰੁੱਝਾ ਹੋਇਆ ਸੀ। ਜਦੋਂ ਹਾਲਤ ਹੱਦੋਂ ਵੱਧ ਵਿਗੜ ਗਈ, ਫਿਰ ਖਤਾਨਾਂ ਵਿੱਚ ਰਿੜ੍ਹ ਚੁੱਕੀ ਗੱਡੀ ਦੇ ਮਗਰ ਦੌੜਨ ਵਾਂਗ ਉਹ ਅੱਧੇ ਮਨ ਨਾਲ ਹਾਲਾਤ ਵੱਲ ਧਿਆਨ ਦੇਣ ਲੱਗਾ ਵੀ ਹੋਵੇ ਤਾਂ ਲੋਕਾਂ ਨੂੰ ਇਸ ਦਾ ਯਕੀਨ ਨਹੀਂ। ਲੋਕ ਸਿਸਟਮ ਤੋਂ ਉਕਤਾਉਂਦੇ ਜਾ ਰਹੇ ਹਨ।

ਏਹੋ ਜਿਹੇ ਹਾਲਾਤ ਵਿੱਚ ਭਾਰਤ ਨੂੰ ਆਦਮ-ਖਾਣੀ ਅਪਰੈਲ ਝਈਆਂ ਲੈ-ਲੈ ਪੈਂਦੀ ਸੀ, ਉਸ ਦੇ ਮੁੱਕਣ ਮਗਰੋਂ ਮੌਤ-ਮੂੰਹੀਂ ਮਈ ਉਸ ਤੋਂ ਵੱਧ ਔਖਾ ਹੋ ਕਿ ਭਾਰਤ ਭੁਗਤਦਾ ਪਿਆ ਹੈ। ਕੋਈ ਨਹੀਂ ਜਾਣਦਾ ਕਿ ਬਣੇਗਾ ਕੀ!

# ਭਾਜਪਾ ਦੀ ਹਾਰ ਦੇ ਲਈ ਕਿਸਾਨ ਅੰਦੋਲਨ ਵੀ ਇੱਕ ਕਾਰਨ ਰਿਹਾ



-ਮੁਹੰਮਦ ਅੱਬਾਸ ਧਾਲੀਵਾਲ-

ਪਿਛਲੇ ਦਿਨੀਂ ਪੱਛਮੀ ਬੰਗਾਲ ਸਮੇਤ ਜਿਨ੍ਹਾਂ ਪੰਜ ਰਾਜਾਂ ਵਿੱਚ ਵੋਟਾਂ ਪੈਣ ਦਾ ਕੰਮ ਮੁਕੰਮਲ ਹੋਣ ਪਿੱਛੋਂ ਵੋਟਾਂ ਦੀ ਗਿਣਤੀ ਮਿਥੀ ਹੋਈ ਦੋ ਮਈ ਨੂੰ ਸਵੇਰੇ ਕੀਤੀ ਗਈ, ਜਿਵੇਂ ਵੋਟਾਂ ਦੀ ਗਿਣਤੀ ਦਾ ਕੰਮ ਸ਼ੁਰੂ ਹੋਇਆ ਤਾਂ ਸਾਰੇ ਮੀਡੀਆ ਦਾ ਧਿਆਨ ਕੋਰੋਨਾ ਵਾਇਰਸ ਦੇ ਵਧਦੇ ਕੇਸਾਂ ਤੋਂ ਹਟ ਕੇ ਇੱਕ ਵਾਰ ਫਿਰ ਵੋਟਾਂ ਦੀ ਗਿਣਤੀ ਵੱਲ ਨੂੰ ਖਿੱਚਿਆ ਗਿਆ। ਹਾਲਾਂਕਿ ਇਸ ਤੋਂ ਪਹਿਲਾਂ ਦੇ ਦੋ-ਢਾਈ ਮਹੀਨਿਆਂ ਦੌਰਾਨ ਦੇਸ਼ ਦੇ ਲੋਕਾਂ ਦੀ ਚਰਚਾ ਦਾ ਕੇਂਦਰ ਪੱਛਮੀ ਬੰਗਾਲ ਦੀਆਂ ਚੋਣਾਂ ਸਨ, ਜਿਨ੍ਹਾਂ ਨੂੰ ਜਿੱਤਣ ਲਈ ਭਾਜਪਾ ਪਿਛਲੇ ਦੋ-ਢਾਈ ਸਾਲ ਤੋਂ ਜੁਟੀ ਹੋਈ ਸੀ ਅਤੇ ਓਧਰ ਸੂਬੇ ਦੀ ਸੱਤਾ ਉੱਤੇ ਕਾਬਜ਼ ਮਮਤਾ ਬੈਨਰਜੀ ਵੀ ਇਸ ਵਾਰੀ ਆਪਣੀ ਪਾਰਟੀ ਨੂੰ ਜਿਤਾ ਕੇ ਹੈਟ੍ਰਿਕ ਲਾਉਣ ਦੀ ਕੋਸ਼ਿਸ਼ ਵਿੱਚ ਸੀ।

ਇਸ ਦੌਰਾਨ ਦੋਵਾਂ ਧਿਰਾਂ ਦੀ ਰੈਲੀਆਂ ਨੂੰ ਲੈ ਕੇ ਕਲਕੱਤਾ ਹਾਈ ਕੋਰਟ ਨੇ ਚੋਣ ਕਮਿਸ਼ਨ ਨੂੰ ਝਾੜ ਪਾਈ ਤੇ ਫਿਰ ਮਦਰਾਸ ਹਾਈ ਕੋਰਟ ਨੇ ਆਪਣੀਆਂ ਸਖਤ ਟਿੱਪਣੀਆਂ ਕਰਦੇ ਹੋਏ ਇੱਥੋਂ ਤੱਕ ਕਹਿ ਦਿੱਤਾ ਕਿ ਦੇਸ਼ ਅੰਦਰ ਕੋਰੋਨਾ ਦੀ ਦੂਸਰੀ ਲਹਿਰ ਫੈਲਾਉਣ ਲਈ ਚੋਣ ਕਮਿਸ਼ਨ ਜ਼ਿੰਮੇਵਾਰ ਹੈ ਅਤੇ ਕਿਉਂ ਨਾ ਇਸ ਦੇ ਅਧਿਕਾਰੀਆਂ ਉੱਤੇ ਕਤਲ ਦੇ ਕੇਸ ਦਰਜ ਕੀਤੇ ਜਾਣ? ਇਸ ਤੋਂ ਚੋਣ ਕਮਿਸ਼ਨ ਕਾਫੀ ਦੁਖੀ ਹੋਇਆ ਤੇ ਸੁਪਰੀਮ ਕੋਰਟ ਤੱਕ ਗਿਆ ਹੈ।

ਮਮਤਾ ਬੈਨਰਜੀ ਦੀ ਸਾਫ਼-ਸੁਥਰੀ ਸ਼ਖਸੀਅਤ ਅਤੇ ਅਕਸ ਦੇ ਸਾਹਮਣੇ ਵੱਡੇ-ਵੱਡੇ ਤੀਸ ਮਾਰ ਖਾਂ ਸਿਆਸਤ ਦੇ ਚਾਣੱਕਿਆ ਕਹੇ ਜਾਣ ਵਾਲੇ ਲੋਕ ਢਹਿ-ਢੇਰੀ ਹੁੰਦੇ ਜਾਂਦੇ ਵਿਖਾਈ ਦਿੱਤੇ। ਕੇਰਲ ਦੇ ਲੋਕਾਂ ਨੇ ਇੱਕ ਵਾਰ ਫਿਰ ਖੱਬੇ-ਪੱਖੀ ਮੋਰਚੇ (ਐਲ ਡੀ ਐਫ) ਵਿੱਚ ਆਪਣਾ ਭਰੋਸਾ ਜਤਾਇਆ। ਅਸਾਮ ਦੇ ਵੋਟਰਾਂ ਨੇ 2016 ਤੋਂ ਸੱਤਾ ਉੱਤੇ ਕਾਬਜ਼ ਭਾਜਪਾ ਨੂੰ ਇੱਕ ਵਾਰ ਫਿਰ ਜਿਤਾਇਆ ਅਤੇ ਪੁਡੂਚੇਰੀ ਵਿੱਚ ਐਨ ਡੀ ਏ ਗੱਠਜੋੜ ਨੂੰ ਬਹੁਮਤ ਵੱਲ ਵਧਦੇ ਵੇਖਿਆ ਗਿਆ।

ਇਨ੍ਹਾਂ ਨਤੀਜਿਆਂ ਉੱਤੇ ਇੱਕ ਉਡਦੀ ਝਾਤ ਮਾਰੀਏ ਜਾਂ ਉਕਾ-ਪੁੱਕਾ ਜਾਇਜ਼ਾ ਲਈਏ ਤਾਂ ਅਸੀਂ ਕਹਿ ਸਕਦੇ ਹਾਂ ਕਿ ਇਨ੍ਹਾਂ ਚੋਣਾਂ ਵਿੱਚ ਭਾਜਪਾ ਦੇ ਹਿੱਸੇ ਵੱਡੀ ਨਾਕਾਮੀ ਆਈ ਹੈ। ਪੱਛਮੀ ਬੰਗਾਲ ਵਿੱਚ ਜਿਸ ਤਿਆਰੀ ਨਾਲ ਉਹ ਚੋਣ ਮੈਦਾਨ ਵਿੱਚ ਉਤਰੀ ਸੀ, ਨਤੀਜੇ ਆਉਣ ਪਿੱਛੋਂ ਉਸ ਦੇ ਪੱਲੇ ਵੱਡੀ ਨਿਰਾਸ਼ਾ ਪਈ ਹੈ। ਬੰਗਾਲ ਦੇ ਨਤੀਜਿਆਂ ਨੇ ਇਸ ਪਾਰਟੀ ਨੂੰ ਸਪੱਸ਼ਟ ਸੁਨੇਹਾ ਦਿੱਤਾ ਕਿ ਉਹ ਆਪਣੀ ਵਿਚਾਰਧਾਰਾ, ਜਿਵੇਂ ਧਾਰਮਿਕ ਵਖਰੇਵਿਆਂ ਆਦਿ ਦੀਆਂ ਨੀਤੀਆਂ ਨੂੰ ਬਦਲਣ ਬਾਰੇ ਸੋਚੇ ਅਤੇ ਨਾਲ ਲੋਕਾਂ ਦੀ ਭਲਾਈ ਦੇ ਕੰਮਾਂ ਲਈ ਜ਼ਮੀਨੀ ਪੱਧਰ ਉੱਤੇ ਆ ਕੇ ਆਪਣੇ ਫਰਜ਼ ਨਿਭਾਉਣਾ ਯਕੀਨੀ ਕਰੇ। ਇਸ ਦੇ ਨਾਲ ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੂੰ ਜਿਵੇਂ ਚੋਣ ਸਭਾਵਾਂ ਵਿੱਚ 'ਦੀਦੀ ਓ ਦੀਦੀ' ਕਹਿ ਕੇ ਵਿਅੰਗ ਕੱਸਿਆ ਗਿਆ, ਉਸ ਨੂੰ ਸੂਬੇ ਦੇ ਲੋਕਾਂ, ਵਿਸ਼ੇਸ਼ ਤੌਰ ਉੱਤੇ ਔਰਤਾਂ ਨੇ ਆਪਣੇ ਨਿਰਾਦਰ ਵਜੋਂ ਵੇਖਿਆ ਅਤੇ ਇਸ ਬਾਰੇ ਵਧੇਰੇ ਲੋਕਾਂ ਦੀ ਹਮਦਰਦੀ ਮਮਤਾ ਬੈਨਰਜੀ ਦੇ ਹਿੱਸੇ ਆਈ।

ਇਸ ਦੇ ਇਲਾਵਾ ਭਾਜਪਾ ਦੀ ਹਾਰ ਦਾ ਫੈਕਟਰ ਕਿਸਾਨ ਆਗੂਆਂ ਵੱਲੋਂ ਭਾਜਪਾ ਨੂੰ ਵੋਟ ਨਾ ਪਾਉਣ ਦੀ ਅਪੀਲ ਵੀ ਸੀ। ਕਿਸਾਨਾਂ ਦੀ ਇਸ ਅਪੀਲ ਨੇ ਪਾਰਟੀ ਵਿਰੁੱਧ ਸੰਕੇਤਕ ਵਿਰੋਧੀ ਹਵਾ ਨੂੰ ਹੱਲਾਸ਼ੇਰੀ ਦਿੱਤੀ। ਚੋਣਾਂ ਦੌਰਾਨ ਜਿਵੇਂ ਮਮਤਾ ਬੈਨਰਜੀ ਦੇ ਪੈਰ ਉੱਤੇ ਸੱਟ ਵੱਜੀ ਤੇ ਇਸ ਪਿੱਛੋਂ ਉਹ ਆਪਣੀ ਹਰ ਚੋਣ ਸਭਾ ਵਿੱਚ ਪੱਟੀ ਨਾਲ ਲਿਪਟਿਆ ਪੈਰ ਲੈ ਕੇ ਸਟੇਜ ਉੱਤੇ ਜਾ ਕੇ ਲੋਕਾਂ ਨੂੰ ਆਪਣੀ ਪਾਰਟੀ ਦੇ ਹੱਕ ਵਿੱਚ ਵੋਟਾਂ ਦੀ ਅਪੀਲ ਕਰਦੀ ਸੀ, ਉਸ ਨਾਲ ਵੀ ਉਨ੍ਹਾਂ ਨੂੰ ਲੋਕਾਂ ਦੀ ਵਧੇਰੇ ਹਮਦਰਦੀ ਮਿਲੀ ਅਤੇ ਬਿਨਾਂ ਸ਼ੱਕ ਇਹ ਹਮਦਰਦੀ ਉਸ ਦੇ ਵੋਟ ਬੈਂਕ ਵਿੱਚ ਤਬਦੀਲ ਹੁੰਦੀ ਗਈ।

ਸਿਆਸੀ ਮਾਹਿਰਾਂ ਮੁਤਾਬਕ ਇਸ ਦੇ ਇਲਾਵਾ ਪੱਛਮੀ ਬੰਗਾਲ ਵਿੱਚ ਅੱਠ ਪੜਾਵਾਂ ਵਿੱਚ ਹੋਈ ਚੋਣ ਪਾਰਟੀ ਲਈ ਵੱਡਾ ਘਾਟਾ ਸਿੱਧ ਹੋਈ, ਕਿਉਂਕਿ ਵੋਟਾਂ ਦੇ ਆਖਰੀ ਦੋ-ਤਿੰਨ ਪੜਾਵਾਂ ਦੌਰਾਨ ਜਿਵੇਂ ਕੋਰੋਨਾ ਵਾਇਰਸ ਦੀ ਦੂਜੀ ਲਹਿਰ ਨੇ ਦੇਸ਼ ਦੇ ਵੱਖ-ਵੱਖ ਰਾਜਾਂ ਵਿੱਚ ਜ਼ੋਰ ਫੜਿਆ ਤੇ ਇਸ ਪਿੱਛੋਂ ਜਿਸ ਤਰ੍ਹਾਂ ਕੋਰੋਨਾ ਮਹਾਮਾਰੀ ਨਾਲ ਨਿਪਟਣ ਬਾਰੇ ਮੋਦੀ ਸਰਕਾਰ ਦੀ ਵਿਦੇਸ਼ੀ ਮੀਡੀਆ ਨੇ ਭੰਡੀ ਕੀਤੀ, ਉਹ ਵੀ ਪਾਰਟੀ ਦੀ ਹਾਰ ਦਾ ਫੈਕਟਰ ਮੰਨਿਆ ਜਾਂਦਾ ਹੈ। ਭਾਵੇਂ ਭਾਜਪਾ ਅਸਾਮ ਵਿੱਚ ਆਪਣੀ ਸਰਕਾਰ ਬਣਾਉਣ ਵਿੱਚ ਕਾਮਯਾਬ ਰਹੀ, ਪਰ ਜਿਵੇਂ ਬੰਗਾਲ, ਕੇਰਲਾ ਤੇ ਤਾਮਿਲ ਨਾਡੂ ਵਿੱਚ ਉਸ ਦੀ ਦੁਰਗਤ ਹੋਈ ਹੈ, ਉਹ ਯਕੀਨਨ ਇੱਕ ਕੌਮੀ ਪਾਰਟੀ ਲਈ ਚਿੰਤਨ-ਮੰਥਨ ਕਰਨ ਦੀ ਮੰਗ ਕਰਦਾ ਹੈ।

ਦੂਜੇ ਪਾਸੇ ਜਿੱਥੋਂ ਤੱਕ ਕਾਂਗਰਸ ਦਾ ਸਵਾਲ ਹੈ, ਉਹ ਵੀ ਇਨ੍ਹਾਂ ਚੋਣਾਂ ਵਿੱਚ ਕਿਸੇ ਵੀ ਸੂਬੇ ਵਿੱਚ ਆਪਣੇ ਬਲਬੂਤੇ ਸਰਕਾਰ ਬਣਾਉਣ ਤੋਂ ਅਸਫਲ ਰਹੀ। ਭਾਵੇਂ ਉਹ ਕੇਰਲ ਤੇ ਅਸਾਮ ਵਿੱਚ ਵਿਰੋਧੀ ਧਿਰ ਵਜੋਂ ਸਨਮਾਨ ਜਨਕ ਸੀਟਾਂ ਲੈਣ ਵਿੱਚ ਸਫਲ ਹੋਈ, ਫਿਰ ਵੀ ਕੌਮੀ ਪਾਰਟੀ ਤੋਂ ਜਿੰਦਾਂ ਦੀਆਂ ਉਮੀਦਾਂ ਰੱਖੀਆਂ ਜਾਂਦੀਆਂ ਹਨ, ਉਨ੍ਹਾਂ ਤੋਂ ਉਹ ਕਾਫ਼ੀ ਦੂਰ ਜਾਪਦੀ ਹੈ। ਜਿੱਥੋਂ ਤੱਕ ਕਮਲ ਹਾਸਨ, ਅਸਦੁਦੀਨ ਓਵੈਸੀ ਵਰਗੇ ਖੇਤਰੀ ਪਾਰਟੀਆਂ ਵਾਲਿਆਂ ਆਗੂਆਂ ਦਾ ਸਵਾਲ ਹੈ ਤਾਂ ਇਹ ਨਤੀਜੇ ਉਨ੍ਹਾਂ ਨੂੰ ਇਹੋ ਸੁਨੇਹਾ ਦਿੰਦੇ ਜਾਪਦੇ ਹਨ ਕਿ ਇਨ੍ਹਾਂ ਖੇਤਰੀ ਪਾਰਟੀਆਂ ਦੇ ਆਗੂਆਂ ਨੂੰ ਜ਼ਮੀਨੀ ਪੱਧਰ ਉੱਤੇ ਹੋਰ ਵਧੇਰੇ ਸੁਚਾਰੂ ਢੰਗ ਨਾਲ ਲੋਕਾਂ ਵਿੱਚ ਵਿਚਰਨ ਦੀ ਲੋੜ ਹੈ।

# ਕੀ ਭਾਜਪਾ ਦਾ ਹਿੰਦੂਤੱਵ ਕਾਰਡ ਖਤਮ ਹੋਣ ਵਾਲਾ ਹੈ

-ਪੂਨਮ ਆਈ ਕੌਸ਼ਿਸ਼-

ਅੰਤ ਵਿੱਚ ਇਹ ਸਭ ਚੰਗਾ ਲੱਗ ਰਿਹਾ ਸੀ। ਪੱਛਮੀ ਬੰਗਾਲ ਵਿੱਚ ਦੋ ਮਹੀਨੇ ਦੇ ਲੰਬੇ ਸਮੇਂ ਲਈ ਧੂੰਆਂਧਾਰ ਚੋਣ ਪ੍ਰਚਾਰ ਹੋਇਆ। ਸੂਬੇ ਵਿੱਚ ਅੱਠ ਪੜਾਵਾਂ ਵਿੱਚ ਪਈਆਂ ਵੋਟਾਂ ਦੇ ਨਤੀਜੇ ਪਿੱਛੋਂ ਮਮਤਾ ਬੈਨਰਜੀ ਮੁੜ ਮੁੱਖ ਮੰਤਰੀ ਦਾ ਅਹੁਦਾ ਸੰਭਾਲ ਲਿਆ ਹੈ। 66 ਸਾਲਾ ਬੰਗਾਲ ਦੀ ਸ਼ੇਰਨੀ ਮਮਤਾ ਨੇ ਤੀਜੀ ਵਾਰ ਸਿਆਸੀ ਖੇਡ ਦੇ ਨਿਯਮਾਂ ਨੂੰ ਮੁੜ ਤੋਂ ਲਿਖਿਆ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵਿਰੁੱਧ ਇੱਕ ਔਖੀ ਜਿੱਤ ਹਾਸਲ ਕੀਤੀ ਹੈ।

ਮਮਤਾ ਨੇ 'ਖੇਲਾ ਹੋਬੇ' ਦੇ ਸਪੱਸ਼ਟ ਸੱਦੇ ਨਾਲ ਵਰਨਣ ਯੋਗ ਸਿਆਸੀ ਲਚਕੀਲਾਪਨ ਵਿਖਾਇਆ। ਵ੍ਹੀਲਚੇਅਰ ਉੱਤੇ ਸਵਾਰ ਹੋ ਕੇ ਉਸ ਇਕੱਲੀ ਨੇ ਭਾਜਪਾ ਨੂੰ ਰੋਕ ਦਿੱਤਾ। ਮਮਤਾ ਭਾਜਪਾ ਨੂੰ ਬਾਹਰੀ ਕਹਿੰਦੀ ਸੀ। ਭਾਜਪਾ ਲਈ ਪੱਛਮੀ ਬੰਗਾਲ ਔਖਾ ਰਾਹ ਸੀ, ਜਿੱਥੇ 27 ਫੀਸਦੀ ਮੁਸਲਿਮ ਵੋਟਰ ਹਨ। ਜੈ ਸ਼੍ਰੀਰਾਮ ਦੇ ਨਾਅਰਿਆਂ ਬਾਰੇ ਵਰਤੀ ਗਈ ਵੱਧ ਤੋਂ ਵੱਧ ਗੈਰ ਸਾਵਧਾਨੀ ਦਾ ਅਸਰ ਵੀ ਬੰਗਾਲ ਵਿੱਚ ਪਿਆ। ਇੱਥੇ ਦੁਰਗਾ ਅਤੇ ਕਾਲੀ ਨੂੰ ਪੂਜਿਆ ਜਾਂਦਾ ਹੈ।

2016 ਵਿੱਚ ਤਿੰਨ ਸੀਟਾਂ ਜਿੱਤਣ ਵਾਲੀ ਭਾਜਪਾ ਨੂੰ ਇਸ ਵਾਰ 77 ਸੀਟਾਂ ਮਿਲੀਆਂ ਤੇ ਉਹ ਮੁੱਖ ਵਿਰੋਧੀ ਧਿਰ ਵਜੋਂ ਉਭਰੀ ਹੈ। ਭਾਜਪਾ ਦਾ ਨਿਸ਼ਾਨਾ 200 ਸੀਟਾਂ ਜਿੱਤਣ ਦਾ ਸੀ। ਅਜਿਹੀ ਹਾਲਤ ਵਿੱਚ 77 ਸੀਟਾਂ ਜਿੱਤਣੀਆਂ ਕੋਈ ਪ੍ਰਾਪਤੀ ਨਹੀਂ। ਭਾਜਪਾ ਨੇ ਆਸਾਮ ਤੇ ਪੁੱਡੂਚੇਰੀ ਜਿੱਤੇ। ਕੇਰਲ ਵਿੱਚ ਆਪਣੀ ਇੱਕ ਸੀਟ ਵੀ ਗੁਆ ਬੈਠੀ। ਤਾਮਿਲ ਨਾਡੂ ਵਿੱਚ ਭਾਜਪਾ ਨੇ ਅੰਨਾ ਡੀ ਐਮ ਕੇ ਦੇ ਨਾਲ ਗਠਜੋੜ ਕੀਤਾ। ਡੀ ਐਮ ਕੇ ਦੇ ਐਮ ਕੇ ਸਟਾਲਿਨ ਨਾਲ ਕਾਂਗਰਸ ਨੇ ਚੋਣ ਸਮਝੌਤਾ ਕੀਤਾ। ਇੱਥੇ ਇਸ ਵਾਰ ਡੀ ਐਮ ਕੇ ਦੀ ਸਰਕਾਰ ਬਣ ਰਹੀ ਹੈ। ਰਾਹੁਲ ਗਾਂਧੀ ਫਿਰ ਅਸਫਲ ਹੋ ਗਏ। ਕੌਮੀ ਪੱਧਰ ਉੱਤੇ ਵਿਰੋਧੀ ਗਠਜੋੜ ਦੇ ਨੇਤਾ ਵਜੋਂ ਉਹ ਮੋਦੀ ਵਿਰੁੱਧ ਅਗਵਾਈ ਨਹੀਂ ਕਰ ਸਕਦੇ। ਇਨ੍ਹਾਂ ਚੋਣਾਂ ਵਿੱਚ ਸਭ ਤੋਂ ਵੱਡੀ ਗੱਲ ਇਹ ਹੈ ਕਿ ਮਮਤਾ ਭਾਜਪਾ ਵਿਰੁੱਧ ਧਿਰ ਦੀ ਅਗਵਾਈ ਕਰਨ ਲਈ ਖੁਦ ਨੂੰ ਤਿਆਰ ਕਰ ਰਹੀ ਹੈ।

ਚੋਣ ਜੰਗ ਨੂੰ ਮੋਦੀ-ਸ਼ਾਹ ਬਨਾਮ ਮਮਤਾ ਵਜੋਂ ਪੇਸ਼ ਕਰ ਕੇ ਸੰਘ ਪਰਵਾਰ ਨੇ ਮਮਤਾ ਨੂੰ ਵੱਡੇ ਤੋਂ ਵੱਡੇ ਵਿਅਕਤੀ ਨਾਲ ਮੁਕਾਬਲਾ ਕਰਨ ਵਜੋਂ ਪੇਸ਼ ਕੀਤਾ ਜੋ 2024 ਵਿੱਚ ਮੋਦੀ ਲਈ ਮੁੱਖ ਵਿਰੋਧੀ ਹੋਣ ਦੀ ਸੰਭਾਵਨਾ ਰੱਖਦੀ ਹੈ। ਉਹ ਨਾ ਸਿਰਫ ਪ੍ਰਮੁੱਖ ਰਣਨੀਤੀਕਾਰ ਵਜੋਂ ਉਭਰੀ, ਸਗੋਂ ਆਪਣੀ ਸਿਆਸੀ ਯੋਗਤਾ ਦਾ ਵੀ ਪ੍ਰਦਰਸ਼ਨ ਕੀਤਾ ਹੈ। ਐਨ ਸੀ ਪੀ ਦੇ ਸ਼ਰਦ ਪਵਾਰ ਮਮਤਾ ਲਈ ਨਰਮ ਰੁਖ ਰੱਖਦੇ ਹਨ। ਉਨ੍ਹਾਂ ਸਮਾਜਵਾਦੀ ਪਾਰਟੀ ਦੇ ਮੁਲਾਇਮ ਸਿੰਘ, ਆਮ ਆਦਮੀ ਪਾਰਟੀ ਦੇ ਅਰਵਿੰਦ ਕੇਜਰੀਵਾਲ, ਸ਼ਿਵ ਸੈਨਾ ਦੇ ਊਧਵ ਠਾਕਰੇ ਅਤੇ ਜਨਤਾ ਦਲ (ਯੂ) ਦੇ ਨਿਤੀਸ਼ ਕੁਮਾਰ ਨਾਲ ਇੱਕ ਸਮੀਕਰਣ ਬਣਾਇਆ ਹੈ। ਮਮਤਾ ਨੇ ਸੋਨੀਆ ਦੇ ਹੌਸਲੇ ਦਾ ਲਾਭ ਉਠਾਇਆ। ਉਹ ਲਗਾਤਾਰ ਸਾਬਕਾ ਕਾਂਗਰਸੀਆਂ ਦੇ ਸੰਪਰਕ ਵਿੱਚ ਰਹਿੰਦੀ ਹੈ। ਸਪੱਸ਼ਟ ਰੂਪ ਨਾਲ ਪੱਛਮੀ ਬੰਗਾਲ ਦੀਆਂ ਚੋਣਾਂ ਭਾਜਪਾ ਲਈ ਕੌਮੀ ਪੱਧਰ ਉੱਤੇ ਵੀ ਅਸਰ ਪਾਉਣਗੀਆਂ। ਅਜੇ ਇਹ ਮੁੱਢਲੇ ਦਿਨ ਹਨ, ਪਰ ਮਮਤਾ ਦੇ ਪਾਰਟੀ ਆਗੂਆਂ ਅਤੇ ਵਿਰੋਧੀਆਂ ਨੇ ਉਨ੍ਹਾਂ ਨੂੰ 'ਸ਼ੀ-ਮੋਦੀ' ਦਾ ਨਾਂ ਦਿੱਤਾ ਹੈ। ਮਮਤਾ ਵੀ ਆਪਣੇ ਵਿਰੋਧੀ ਮੋਦੀ ਵਾਂਗ ਸਿੰਗਲ ਹੈ। ਉਹ ਉਨ੍ਹਾਂ ਵਾਂਗ ਯੋਗਤਾ ਰੱਖਦੀ ਹੈ। ਮਮਤਾ ਵਿੱਚ ਖਤਰੇ ਲਈ ਭੁੱਖ ਹੈ। ਉਨ੍ਹਾਂ ਵਿਰੁੱਧ ਕੋਈ ਤੋਹਮਤ ਅਤੇ ਨਾਂਹ-ਪੱਖੀ ਵਿਸ਼ੇਸ਼ਤਾ ਨਹੀਂ ਹੈ। ਕਾਂਗਰਸ ਦੇ ਰਾਹੁਲ ਗਾਂਧੀ ਨੂੰ ਗ਼ੈਰ-ਗੰਭੀਰ ਸਿਆਸੀ ਖਿਡਾਰੀ ਵਜੋਂ ਰੱਦ ਕੀਤਾ ਗਿਆ ਹੈ। ਮਮਤਾ ਬੈਨਰਜੀ ਨੇ ਮੋਦੀ ਦੇ ਰੱਥ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਅਤੇ ਨਾਲ ਇੱਕ ਡਾਰਕ ਹਾਰਸ ਵਜੋਂ ਉਭਰਨ ਦੀ ਕੋਸ਼ਿਸ਼ ਕਰ ਰਹੀ ਹੈ। ਉਹ ਆਰ ਐਸ ਐਸ- ਭਾਜਪਾ ਨੂੰ ਚੁਣੌਤੀ ਦੇ ਸਕਦੀ ਹੈ। ਐਨ ਸੀ ਪੀ ਦੇ ਸ਼ਰਦ ਪਵਾਰ ਵੀ ਆਪਣਾ ਸਮਾਂ ਤੈਅ ਕਰ ਰਹੇ ਹਨ। ਭਾਜਪਾ ਵਿਰੁੱਧ ਵਿਰੋਧੀ ਏਕਤਾ ਨੂੰ ਇਕੱਠਾ ਕਰ ਰਹੇ ਹਨ। ਯਕੀਨੀ ਤੌਰ ਉੱਤੇ ਪੂਰਬੀ ਕੰਢਿਆਂ ਦੇ ਰਾਜਾਂ ਵਿੱਚ ਗੈਰ-ਭਾਜਪਾ ਅਤੇ ਗੈਰ-ਕਾਂਗਰਸੀ ਪਾਰਟੀਆਂ ਦੀ ਇੱਕ ਅਖੰਡ ਰੇਖਾ ਮੌਜੂਦ ਹੈ, ਜਿਨ੍ਹਾਂ ਨੇ ਵਾਰ-ਵਾਰ ਚੋਣਾਂ ਜਿੱਤ ਕੇ ਸੱਤਾ ਹਾਸਲ ਕੀਤੀ ਹੈ। ਇਹ ਆਂਧਰਾ ਪ੍ਰਦੇਸ਼ ਵਿੱਚ ਵਾਈ ਐਸ ਆਰ ਸੀ ਜਗਨ ਮੋਹਨ ਰੈਡੀ ਹੋਣ, ਤੇਲੰਗਾਨਾ ਵਿੱਚ ਟੀ ਆਰ ਐਸ ਦੇ ਚੰਦਰਸ਼ੇਖਰ ਰਾਓ ਹੋਣ, ਓਡਿਸ਼ਾ ਵਿੱਚ ਬੀਜੂ ਜਨਤਾ ਦਲ ਦੇ ਨਵੀਨ ਪਟਨਾਇਕ ਜਾਂ ਫਿਰ ਤਾਲਿਮ ਨਾਡੂ ਵਿੱਚ ਡੀ ਐਮ ਕੇ ਸਟਾਲਿਨ ਹੋਣ।

ਇਸ ਪਿਛੋਕੜ ਵਿੱਚ ਕੀ ਭਾਜਪਾ ਦੇ ਜਿੱਤਣ ਦੀ ਸੰਭਾਵਨਾ ਖਤਮ ਹੋ ਰਹੀ ਹੈ? ਆਖਿਰ ਕਦੋਂ ਤੱਕ ਭਾਜਪਾ ਮੋਦੀ ਉਪਰ ਨਿਰਭਰ ਰਹਿ ਸਕਦੀ ਹੈ, ਜੋ ਇਕੱਲੇ ਹੀ ਵੋਟ ਜੁਟਾਉਣ ਦੀ ਸਮਰੱਥਾ ਰੱਖਦੇ ਹਨ। ਕੀ ਹਿੰਦੁਤਵ ਕਾਰਡ ਆਪਣੀ ਸਮਾਪਤੀ ਦੀ ਮਿਤੀ ਤੋਂ ਪਹਿਲਾਂ ਨਜ਼ਰ ਆ ਰਿਹਾ ਹੈ? ਕੋਵਿਡ ਸੁਨਾਮੀ ਦੇ ਮਾੜੇ ਪ੍ਰਬੰਧਾਂ ਨੇ ਭਾਜਪਾ ਨੂੰ ਪ੍ਰਭਾਵਿਤ ਕੀਤਾ ਹੈ। ਇਸ ਤੋਂ ਇਲਾਵ ਮੋਦੀ ਸਰਕਾਰ ਆਪਣੇ ਦਾਅਵਿਆਂ ਉੱਤੇ ਖਰੀ ਨਹੀਂ ਉਤਰੀ। ਅਰਥਵਿਵਸਥਾ ਵੀ ਆਸ ਮੁਤਾਬਿਕ ਕੰਮ ਨਹੀਂ ਕਰ ਰਹੀ। ਪੇਂਡੂ ਖੇਤਰ ਅਸੰਤੁਸ਼ਟ ਨਜ਼ਰ ਆਉਂਦਾ ਹੈ। ਰੋਜ਼ਗਾਰ ਪੈਦਾ ਕਰਨ ਵਿੱਚ ਸਰਕਾਰ ਦੀ ਅਯੋਗਤਾ ਉੱਤੇ ਨੌਜਵਾਨ ਵਰਗ ਗੁੱਸੇ ਵਿੱਚ ਹੈ। ਫਿਰਕੂ ਧਰੁਵੀਕਰਨ ਨੇ ਚੋਣ ਫਾਇਦਾ ਨਹੀਂ ਪਹੁੰਚਾਇਆ।

ਜਿੱਤ ਤੋਂ ਉਤਸ਼ਾਹਿਤ ਹੋ ਕੇ ਖੇਤਰੀ ਪਾਰਟੀਆਂ ਸਰਕਾਰ ਵਿਰੁੱਧ ਆਪਣੀ ਸਥਿਤੀ ਹੋਰ ਮਜ਼ਬੂਤ ਕਰ ਸਕਦੀਆਂ ਹਨ। ਨੀਤੀਆਂ ਬਣਾਉਣ ਦੀ ਸਰਕਾਰ ਦੀ ਸਥਿਤੀ ਕਮਜ਼ੋਰ ਕਰ ਸਕਦੀਆਂ ਹਨ। ਮਿਸਾਲ ਵਜੋਂ ਕਿਸਾਨ ਅੰਦੋਲਨ। ਫਿਰ ਵੀ ਵਿਰੋਧੀ ਧਿਰ ਦੀ ਏਕਤਾ ਸੌਖਾ ਕੰਮ ਨਹੀਂ। ਇੱਥੇ ਵੱਖ-ਵੱਖ ਪਾਰਟੀਆਂ ਦਾ ਵੱਖ-ਵੱਖ ਨਿਸ਼ਾਨਾ ਤੇ ਵੱਖ-ਵੱਖ ਏਜੰਡਾ ਹੈ। ਉਨ੍ਹਾਂ ਨੂੰ ਇਕੱਠਿਆਂ ਲਿਆਉਣਾ ਹੋਵੇਗਾ। ਯਕੀਨੀ ਤੌਰ ਉੱਤੇ ਭਾਜਪਾ ਦੇ ਲਈ ਨਵੇਂ ਬਦਲ ਖੁੱਲ੍ਹੇ ਹੋਣਗੇ। ਭਾਜਪਾ ਨੇ ਸੰਕੇਤ ਦਿੱਤਾ ਹੈ ਕਿ ਉਹ ਖੇਤਰੀ ਪਾਰਟੀਆਂ ਨੂੰ ਘੱਟ ਨਹੀਂ ਸਮਝੇਗੀ। ਅਗਲੇ ਸਾਲ ਯੂ ਪੀ, ਉਤਰਾਖੰਡ, ਗੋਆ, ਪੰਜਾਬ, ਹਿਮਾਚਲ ਅਤੇ ਗੁਜਰਾਤ ਵਿੱਚ ਹੋਣ ਵਾਲੀਆਂ ਵਿਧਾਨ ਸਭਾਵਾਂ ਦੀਆਂ ਚੋਣਾਂ ਲਈ ਇੱਕ ਰਣਨੀਤੀ ਬਣਾਈ ਜਾਵੇਗੀ।

ਪਾਰਟੀ ਮਜ਼ਬੂਤ ਹਾਲਤ ਵਿੱਚ ਹੈ। ਮੋਦੀ ਦਾ ਕੋਈ ਸਾਨੀ ਨਹੀਂ ਅਤੇ ਸ਼ਾਹ ਨੇ ਭਾਜਪਾ ਨੂੰ ਇੱਕ ਚੋਣ ਮਸ਼ੀਨ ਵਿੱਚ ਬਦਲ ਦਿੱਤਾ ਹੈ, ਜੋ ਚੰਗੇ ਨਤੀਜਿਆਂ ਦੀ ਫਸਲ ਨੂੰ ਕੱਟ ਸਕਦੀ ਹੈ। ਕੇਂਦਰ ਵਿੱਚ ਸੱਤਾ ਦੇ ਹੋਣ ਨਾਲ ਸਰਕਾਰ ਕੋਲ ਆਪਣੇ ਦੁਸ਼ਮਣਾਂ ਉੱਤੇ ਜਿੱਤ ਹਾਸਲ ਕਰਨ ਅਤੇ ਲੋਕਾਂ ਨੂੰ ਪ੍ਰਭਾਵਿਤ ਕਰਨ ਲਈ ਇੱਕ ਵੱਡੀ ਸਮਰਥਾ ਹੈ।

ਤਾਂ ਫਿਰ ਅੱਗੋਂ ਕੀ ਹੋਵੇਗਾ? ਇਹ ਕਹਿਣਾ ਜਲਦਬਾਜ਼ੀ ਹੋਵੇਗੀ ਕਿ ਕੀ ਖੇਤਰੀ ਨੇਤਾ ਇਕੱਠੇ ਹੋ ਸਕਦੇ ਹਨ? ਮੋਦੀ ਦਾ ਰੱਥ ਤਦੇ ਰੁਕ ਸਕਦਾ ਹੈ ਜੇ ਵਿਰੋਧੀ ਪਾਰਟੀਆਂ ਇਕੱਠੀਆਂ ਖੜ੍ਹੀਆਂ ਹੋ ਜਾਣ ਅਤੇ ਬੰਗਾਲ, ਤਾਮਿਲ ਨਾਡੂ ਅਤੇ ਕੇਰਲ ਵਰਗੇ ਅਹਿਮ ਰਾਜਾਂ ਵਿੱਚ ਇੱਕ ਗਠਜੋੜ ਤਿਆਰ ਕਰ ਸਕਣ। ਵਿਰੋਧੀ ਏਕਤਾ ਨੂੰ ਜੇ ਬਚਾਉਣਾ ਹੈ ਅਤੇ ਉਸਦੀ ਅਗਵਾਈ ਕਰਨੀ ਹੈ ਤਾਂ ਇਸ ਦੀ ਅਗਵਾਈ ਦੂਜੇ ਜਾਂ ਕਿਸੇ ਪ੍ਰਮੁੱਖ ਪਾਰਟੀ ਨੇਤਾ ਵੱਲੋਂ ਕੀਤੀ ਜਾਣੀ ਚਾਹੀਦੀ ਹੈ। ਚੋਟੀ ਦੇ ਵਿਰੋਧੀ ਨੇਤਾ ਲਈ ਸ਼ਰਦ ਪਵਾਰ ਅਤੇ ਮਮਤਾ ਬੈਨਰਜੀ ਵਿਚਾਲੇ ਖਿੱਚੋਤਾਣ ਹੋ ਸਕਦੀ ਹੈ। ਖੇਤਰੀ ਪਾਰਟੀਆਂ ਇਹ ਜਾਣਦੀਆਂ ਹਨ ਕਿ ਜੇ ਉਹ ਆਪਣੇ ਮਤਭੇਦ ਭੁਲਾ ਦੇਣ ਤਾਂ ਹੀ ਭਾਜਪਾ ਵਿਰੁੱਧ ਖੜ੍ਹੀਆਂ ਹੋ ਸਕਦੀਆਂ ਹਨ।

# ਇਕਬਾਲ ਤੂੰ ਕਿੱਥੇ?

-ਅਵਤਾਰ ਸਿੰਘ ਸੰਧੂ-

ਘਟਨਾ ਤਿੰਨ ਦਹਾਕੇ ਪਹਿਲਾਂ ਦੀ ਹੈ। ਮੇਰੀਆਂ ਬਾਲ ਕਹਾਣੀਆਂ ਪੰਜਾਬੀ ਅਖਬਾਰਾਂ ਵਿੱਚ ਹਰ ਹਫਤੇ ਛਪਦੀਆਂ ਸਨ। ਰਚਨਾ ਨਾਲ ਲੇਖਕ ਦਾ ਪਤਾ ਹੋਣ ਕਰ ਕੇ ਪਾਠਕਾਂ ਦੀਆਂ ਬਹੁਤ ਸਾਰੀਆਂ ਚਿੱਠੀਆਂ ਆਉਂਦੀਆਂ। ਮੈਂ ਪਾਠਕਾਂ ਦੀਆਂ ਚਿੱਠੀਆਂ ਪੜ੍ਹਦਾ ਵੀ ਤੇ ਕਈਆਂ ਨੂੰ ਜਵਾਬ ਵੀ ਲਿਖਦਾ। ਇਸੇ ਤਰ੍ਹਾਂ ਇੱਕ ਦਿਨ ਪਾਠਕਾਂ ਵਾਲੀ ਡਾਕ ਦੇਖ ਰਿਹਾ ਸੀ ਕਿ ਇੱਕ ਪੋਸਟ ਕਾਰਡ ਨੇ ਮੇਰਾ ਧਿਆਨ ਖਿੱਚਿਆ। ਕੋਈ ਇਕਬਾਲ ਸਿੰਘ ਨਾਂਅ ਦੇ ਪਾਠਕ ਨੇ ਲਿਖਿਆ ਸੀ : 'ਸੰਧੂ ਅੰਕਲ, ਮੈਂ ਕਾਫੀ ਸਮੇਂ ਤੋਂ ਤੁਹਾਡੀਆਂ ਬਾਲ ਕਹਾਣੀਆਂ ਪੜ੍ਹ ਰਿਹਾ ਹਾਂ। ਮੈਨੂੰ ਬਹੁਤ ਚੰਗੀਆਂ ਲੱਗਦੀਆਂ ਹਨ। ਇਹ ਮੈਨੂੰ ਕੁਝ ਕਰਨ ਲਈ ਪ੍ਰੇਰਦੀਆਂ ਹਨ। ਮੈਂ ਬਹੁਤ ਗਰੀਬ ਹਾਂ, ਮੈਂ ਆਪਣੀ ਦਾਦੀ ਨਾਲ ਰਹਿੰਦਾ ਹਾਂ, ਮੇਰੇ ਪਿਤਾ ਨੇ ਸਾਨੂੰ ਘਰੋਂ ਕੱਢ ਦਿੱਤਾ ਹੈ। ਇਸ ਲਈ ਮੇਰੀ ਪੜ੍ਹਾਈ ਵੀ ਛੁੱਟ ਗਈ ਹੈ। ਕੀ ਤੁਸੀਂ ਮੇਰੀ ਮਦਦ ਕਰ ਸਕਦੇ ਹੋ?' ਚਿੱਠੀ ਪੜ੍ਹ ਕੇ ਮੈਂ ਭਾਵੁਕ ਹੋ ਗਿਆ ਅਤੇ ਦਿੱਤੇ ਪਤੇ ਉੱਤੇ ਇਕਬਾਲ ਨੂੰ ਚਿੱਠੀ ਪਾ ਦਿੱਤੀ। ਮੇਰੀ ਹਿਸਾਬ ਨਾਲ ਇਕਬਾਲ ਬਾਰਾਂ ਕੁ ਸਾਲ ਦਾ ਬੱਚਾ ਸੀ ਤੇ ਉਸ ਨੂੰ ਮੇਰੀ ਮਦਦ ਦੀ ਲੋੜ ਸੀ। ਮੇਰਾ ਅਨੁਮਾਨ ਠੀਕ ਨਿਕਲਿਆ। ਉਸ ਨੂੰ ਕੁਝ ਪੈਸਿਆਂ ਦੀ ਲੋੜ ਸੀ ਤਾਂ ਜੋ ਉਹ ਆਪਣੀ ਪੜ੍ਹਾਈ ਫਿਰ ਸ਼ੁਰੂ ਕਰ ਸਕੇ। ਮੈਂ ਆਪਣੇ ਹਿਸਾਬ ਨਾਲ ਇਕਬਾਲ ਨੂੰ ਕੁਝ ਰੁਪਏ ਮਨੀਆਰਡਰ ਰਾਹੀਂ ਭੇਜ ਦਿੱਤੇ।


ਫਿਰ ਮੈਂ ਇਹ ਘਟਨਾ ਭੁੱਲ ਗਿਆ। ਦੋ ਸਾਲ ਬਾਅਦ ਇਕਬਾਲ ਦੀ ਚਿੱਠੀ ਆ ਗਈ, 'ਸੰਧੂ ਸਰ, ਮੈਂ ਅੱਠਵੀਂ ਪਾਸ ਕਰ ਲਈ ਹੈ, ਜੇ ਤੁਸੀਂ ਮੇਰੀ ਹੋਰ ਮਦਦ ਕਰ ਦਿਓ ਤਾਂ ਮੈਂ ਅੱਗੇ ਪੜ੍ਹਾਈ ਜਾਰੀ ਰੱਖ ਸਕਦਾ ਹਾਂ।' ਮੈਨੂੰ ਵੀ ਲੱਗਾ, ਮੁੰਡਾ ਮਿਹਨਤੀ ਹੈ, ਮੈਂ ਲੋੜ ਅਨੁਸਾਰ ਉਸ ਨੂੰ ਪੈਸੇ ਮਨੀਆਰਡਰ ਕਰ ਦਿੱਤੇ। ਇਸੇ ਦੌਰਾਨ ਇਕਬਾਲ ਨੇ ਮੈਨੂੰ ਆਪਣੇ ਘਰ ਆਉਣ ਨੂੰ ਕਿਹਾ। ਮੈਂ ਹਰ ਵਾਰ ਟਾਲ ਜਾਂਦਾ। ਸਮਾਂ ਲੰਘਦਾ ਗਿਆ, ਮੈਨੂੰ ਇਕਬਾਲ ਦੀ ਚਿੱਠੀ ਦੀ ਉਡੀਕ ਰਹਿੰਦੀ। ਫਿਰ ਇੱਕ ਦਿਨ ਮੈਨੂੰ ਇੱਕ ਲਿਫਾਫਾ ਮਿਲਿਆ। ਉਹ ਦਸਵੀਂ ਪਾਸ ਕਰ ਚੁੱਕਾ ਸੀ। ਦਿਲ ਬੜਾ ਖੁਸ਼ ਹੋਇਆ। ਉਸ ਨੇ ਲਿਖਿਆ ਸੀ; 'ਸੰਧੂ ਸਰ, ਥੋੜ੍ਹਾ ਜਿਹਾ ਹੋਰ ਸਹਿਯੋਗ ਦਿਓ, ਮੈਂ ਅੱਗੇ ਪੜ੍ਹਨਾ ਚਾਹੁੰਦਾ ਹਾਂ।' ਮੈਂ ਉਸ ਨੂੰ ਹਰ ਤਰ੍ਹਾਂ ਦੀ ਸਹਾਇਤਾ ਲਈ ਹਾਮੀ ਭਰੀ। ਮੈਂ ਅਕਸਰ ਉਸ ਦੀ ਸਹਾਇਤਾ ਕਰਦਾ ਰਹਿੰਦਾ। ਸਮਾਂ ਲੰਘਦਾ ਗਿਆ।

ਇੱਕ ਦਿਨ ਇਕਬਾਲ ਦਾ ਫੋਨ ਆਇਆ, 'ਸੰਧੂ ਸਰ, ਮੈਂ ਬੀ ਏ ਕਰ ਲਈ ਹੈ। ਬੀ ਐੱਡ ਕਰਵਾ ਦਿਓ।' ਇਸ ਵਾਰ ਉਸ ਨੇ ਵੀਹ ਹਜ਼ਾਰ ਰੁਪਏ ਦੀ ਮੰਗ ਕੀਤੀ। ਮੈਂ ਸਰਕਾਰੀ ਨੌਕਰੀ ਤੋਂ ਸੇਵਾਮੁਕਤ ਹੋ ਚੁੱਕਾ ਸੀ, ਇੰਨੀ ਰਕਮ ਦੇਣਾ ਮੇਰੇ ਲਈ ਮੁਸ਼ਕਲ ਸੀ। ਇੱਕ ਦਿਨ ਮੈਂ ਉਸ ਨੂੰ ਨਵੇਂ ਸ਼ਹਿਰ ਬੁਲਾ ਲਿਆ। ਆਪਣੇ ਦੋਸਤ ਇੰਦਰਜੀਤ ਨਾਲ ਉਸ ਬਾਰੇ ਗੱਲ ਕੀਤੀ। ਮੇਰਾ ਇਹ ਦੋਸਤ ਅਕਸਰ ਲੋੜਵੰਦਾਂ ਦੀ ਮਦਦ ਕਰਦਾ ਹੈ। ਉਸ ਨੇ ਦਸ ਹਜ਼ਾਰ ਰੁਪਏ ਦੇ ਦਿੱਤੇ, ਪਰ ਕੰਮ ਪੂਰਾ ਨਹੀਂ ਹੋਇਆ ਸੀ। ਮੈਂ ਆਪਣੇ ਸ਼ਾਇਰ ਦੋਸਤ ਸਵਰਨ ਸਿੰਘ ਪਰਵਾਨਾ ਨੂੰ ਇਕਬਾਲ ਬਾਰੇ ਦੱਸਿਆ ਤੇ ਮਦਦ ਲਈ ਬੇਨਤੀ ਕੀਤੀ। ਉਨ੍ਹਾਂ ਦੋਸਤੀ ਦਾ ਮਾਣ ਰੱਖਦੇ ਹੋਏ ਇਕਬਾਲ ਨੂੰ ਦਸ ਹਜ਼ਾਰ ਦੇ ਦਿੱਤੇ। ਇਸ ਤਰ੍ਹਾਂ ਇਕਬਾਲ ਸਿੰਘ ਦਾ ਬੀ ਐਡ ਦਾ ਸੁਫਨਾ ਪੂਰਾ ਹੋ ਗਿਆ। ਦੋ ਸਾਲ ਵਿੱਚ ਇਕਬਾਲ ਐੱਮ ਏ ਕਰ ਗਿਆ। ਉਹ ਅਕਸਰ ਫੋਨ ਉਤੇ ਮੇਰੇ ਨਾਲ ਆਪਣੀ ਪੜ੍ਹਾਈ ਬਾਰੇ ਗੱਲਾਂ ਕਰਦਾ ਰਹਿੰਦਾ।

ਫਿਰ ਇੱਕ ਸੁਹਿਰਦ ਸੱਜਣ ਸਦਕਾ ਉਸ ਨੂੰ ਪ੍ਰਾਈਵੇਟ ਕਾਲਜ ਵਿੱਚ ਨੌਕਰੀ ਮਿਲ ਗਈ। ਇਹ ਜਾਣਕਾਰੀ ਜਦੋਂ ਮੈਨੂੰ ਮਿਲੀ ਤਾਂ ਦਿਲ ਬੜਾ ਖੁਸ਼ ਹੋਇਆ। ਇੱਕ ਦਿਨ ਇਕਬਾਲ ਦਾ ਫੋਨ ਆਇਆ, 'ਸੰਧੂ ਸਰ, ਮੇਰਾ ਆਖਰੀ ਕੰਮ ਕਰ ਦਿਓ। ਤੁਹਾਡੀ ਬੜੀ ਜਾਣ ਪਛਾਣ ਹੈ, ਕਿਤੇ ਮੇਰਾ ਰਿਸ਼ਤਾ ਕਰਾ ਦਿਓ।'' ਮੈਂ ਸੋਚਿਆ, ਚਲੋ ਪੁੰਨ ਦਾ ਇਹ ਕੰਮ ਵੀ ਕਰ ਲੈਂਦੇ ਹਾਂ। ਕਾਫੀ ਨੱਠ ਭੱਜ ਕੀਤੀ, ਮੇਰੇ ਵਾਕਿਫ ਪ੍ਰੋਫੈਸਰ ਬਲਬੀਰ ਰੀਹਲ ਨੇ ਵੀ ਕੋਸ਼ਿਸ਼ ਕੀਤੀ, ਪਰ ਮੈਂ ਰਿਸ਼ਤਾ ਨਾ ਕਰਵਾ ਸਕਿਆ। ਇੱਕ ਦਿਨ ਇਕਬਲ ਦਾ ਫੋਨ ਆ ਗਿਆ, 'ਸੰਧੂ ਸਰ, ਮੇਰਾ ਰਿਸ਼ਤਾ ਹੋ ਗਿਆ, ਵਿਆਹ ਰੱਖ ਦਿੱਤਾ। ਤੁਸੀਂ ਜ਼ਰੂਰ ਆਉਣਾ। ਤੁਹਾਡੀ ਮਿਲਣੀ ਵੀ ਕਰਾਉਣੀ ਹੈ।' ਮਿੱਥੇ ਸਮੇਂ ਮੈਂ ਵਿਆਹ ਵਿੱਚ ਗਿਆ। ਮੇਰਾ ਸ਼ਾਇਰ ਦੋਸਤ ਕੁਲਵਿੰਦਰ ਕੁੱਲਾ ਵੀ ਬਰਾਤੀ ਸੀ। ਵਧੀਆ ਵਿਆਹ ਹੋ ਗਿਆ। ਕੁੜੀ ਪੜ੍ਹੀ ਲਿਖੀ ਸੀ। ਘਰ ਵਸ ਗਿਆ, ਮੈਂ ਖੁਸ਼ ਸਾਂ।

ਸਾਲ ਕੁ ਬਾਅਦ ਇਕਬਾਲ ਦਾ ਫੋਨ ਆਇਆ, 'ਸੰਧੂ ਸਰ, ਤੁਸੀਂ ਬਾਬਾ ਬਣ ਗਏ। ਸਾਡੇ ਘਰ ਕਾਕਾ ਆਇਆ। ਮੈਂ ਆਪ ਆਉਣਾ ਸੀ, ਪਰ ਹੱਥ ਤੰਗ ਸੀ, ਘਿਓ ਪੰਜੀਰੀ ਉੱਤੇ ਕਾਫੀ ਖਰਚਾ ਹੋ ਗਿਆ।'

ਫਿਰ ਕਾਫੀ ਸਮਾਂ ਇਕਬਾਲ ਦਾ ਫੋਨ ਨਾ ਆਇਆ। ਇੱਕ ਦਿਨ ਉਸ ਦਾ ਫੋਨ ਆਇਆ ਤਾਂ ਉਹ ਬੜਾ ਦੁਖੀ ਸੀ, 'ਸੰਧੂ ਸਰ, ਤੁਹਾਡੀ ਬਹੂ ਰਾਣੀ ਨੇ ਪੇਕੇ ਪੱਕਾ ਡੇਰਾ ਲਾ ਲਿਆ। ਮੈਨੂੰ ਵੀ ਆਪਣੇ ਕੋਲ ਰਹਿਣ ਨੂੰ ਮਜਬੂਰ ਕਰਦੀ, ਦੱਸੋ ਮੈਂ ਕੀ ਕਰਾਂ।' ਇਸ ਸਵਾਲ ਦਾ ਮੇਰੇ ਕੋਲ ਜਵਾਬ ਨਹੀਂ ਸੀ। ਕਿੰਨੇ ਸਾਲ ਹੋ ਗਏ, ਇਕਬਾਲ ਦੀ ਕੋਈ ਖਬਰ ਨਹੀਂ, ਪਰ ਕਈ ਵਾਰ ਰਾਤ ਨੂੰ ਅਚਾਨਕ ਅੱਖ ਖੁੱਲ੍ਹ ਜਾਂਦੀ ਹੈ ਤਾਂ ਆਪ-ਮੁਹਾਰੇ ਮੂੰਹੋਂ ਨਿਕਲ ਜਾਂਦਾ, 'ਇਕਬਾਲ ਤੂੰ ਕਿੱਥੇ?'





# ਵੀਕੈਂਡ ਲਾਕਡਾਊਨ ਵਿਰੁੱਧ ਪੰਜਾਬ ਦੇ 87 ਸ਼ਹਿਰਾਂ ’ਚ ਰੋਸ ਪ੍ਰਦਰਸ਼ਨ

ਚੰਡੀਗੜ੍ਹ, 9 ਮਈ (ਪੋਸਟ ਬਿਊਰੋ)- ਪੰਜਾਬ ਅਤੇ ਕੇਂਦਰ ਦੀਆਂ ਸਰਕਾਰਾਂ ਵੱਲੋਂ ਕੋਰੋਨਾ ਤੋਂ ਬਚਾਅ ਲਈ ਪੱਕੇ ਪ੍ਰਬੰਧ ਕਰਨ ਦੀ ਥਾਂ ਦੁਕਾਨਦਾਰਾਂ ਅਤੇ ਆਮ ਲੋਕਾਂ ਉੱਤੇ ਲਾਈਆਂ ਸਖਤ ਪਾਬੰਦੀਆਂ ਵਿਰੁੱਧ ਸੰਯੁਕਤ ਕਿਸਾਨ ਮੋਰਚੇ ਦੇ ਸੱਦੇ ਉੱਤੇ ਭਾਰਤੀ ਕਿਸਾਨ ਯੂਨੀਅਨ (ਏਕਤਾ ਉਗਰਾਹਾਂ) ਅਤੇ ਪੰਜਾਬ ਖੇਤ ਮਜ਼ਦੂਰ ਯੂਨੀਅਨ ਨੇ 15 ਜ਼ਿਲ੍ਹਿਆਂ ਦੇ 87 ਸ਼ਹਿਰਾਂ, ਕਸਬਿਆਂ ਵਿੱਚ ਰੋਸ ਪ੍ਰਦਰਸ਼ਨ ਕੀਤੇ, ਜਿਨ੍ਹਾਂ ਵਿੱਚ ਕਈ ਥਾਈਂ ਕੁਝ ਹੋਰ ਸੰਘਰਸ਼ਸ਼ੀਲ ਕਿਸਾਨ ਜਥੇਬੰਦੀਆਂ ਤੋਂ ਇਲਾਵਾ ਕੁਝ ਥਾਈਂ ਦੁਕਾਨਦਾਰਾਂ ਨੇ ਵੀ ਸੰਕੇਤਕ ਸ਼ਮੂਲੀਅਤ ਕੀਤੀ ਹੈ।



ਦੋਵਾਂ ਜਥੇਬੰਦੀਆਂ ਦੇ ਜਨਰਲ ਸਕੱਤਰਾਂ ਸੁਖਦੇਵ ਸਿੰਘ ਕੋਕਰੀ ਕਲਾਂ ਅਤੇ ਲਛਮਣ ਸਿੰਘ ਸੇਵੇਵਾਲਾ ਨੇ ਇਸ ਦਾ ਵੇਰਵਾ ਦੇਂਦਿਆਂ ਦੱਸਿਆ ਕਿ ਇਨ੍ਹਾਂ ਰੋਸ ਪ੍ਰਦਰਸ਼ਨਾਂ ਨੂੰ ਕਿਸਾਨ ਆਗੂ ਹਰਦੀਪ ਸਿੰਘ ਟੱਲੇਵਾਲ, ਝੰਡਾ ਸਿੰਘ ਜੇਠੂਕੇ, ਜਨਕ ਸਿੰਘ ਭੁਟਾਲ ਅਤੇ ਖੇਤ ਮਜ਼ਦੂਰ ਆਗੂ ਜੋਰਾ ਸਿੰਘ ਨਸਰਾਲੀ ਅਤੇ ਹੋਰ ਆਗੂਆਂ ਨੇ ਸੰਬੋਧਨ ਕੀਤਾ।

ਬੁਲਾਰਿਆਂ ਨੇ ਕੱਲ੍ਹ ਦੇ ਰੋਸ ਪ੍ਰਦਰਸ਼ਨਾਂ ਅਤੇ ਦੁਕਾਨਦਾਰਾਂ ਵੱਲੋਂ ਕੀਤੇ ਜਾਂਦੇ ਵਿਰੋਧ ਦੌਰਾਨ ਪਾਬੰਦੀਆਂ ਵਿੱਚ ਢਿੱਲ ਦੇਣ ਦੇ ਐਲਾਨ ਨੂੰ ਲੋਕ ਸੰਘਰਸ਼ ਦੀ ਮੁੱਢਲੀ ਜਿੱਤ ਕਰਾਰ ਦਿੱਤਾ। ਉਨ੍ਹਾਂ ਨੇ ਗੰਭੀਰ ਸੰਕਟ ਦੇ ਸਮੇਂ ਵੀ ਪੰਜਾਬ ਦੀ ਕੈਪਟਨ ਸਰਕਾਰ ਵੱਲੋਂ ਢੁਕਵੇਂ ਪ੍ਰਬੰਧ ਕਰਨ ਦੀ ਥਾਂ ਲਾਕਡਾਊਨ ਤੇ ਕਰਫਿਊ ਵਰਗੀਆਂ ਪਾਬੰਦੀਆਂ ਲਾ ਕੇ ਆਮ ਲੋਕਾਂ ਰੁਜ਼ਗਾਰ ਖੋਹਣ ਦੀ ਨੁਕਤਾਚੀਨੀ ਕੀਤੀ ਅਤੇ ਕਿਹਾ ਕਿ ਕੋਰੋਨਾ ਜਿੱਥੇ ਕਿਸਾਨਾਂਅਤੇ ਆਮ ਲੋਕਾਂ ਲਈ ਭਿਆਨਕ ਆਫਤ ਸਾਬਤ ਹੋ ਰਿਹਾ ਹੈ, ਉਥੇ ਲੋਕ ਵਿਰੋਧੀ ਹਕੂਮਤਾਂ ਤੇ ਦੇਸੀ-ਵਿਦੇਸ਼ੀ ਕਾਰਪੋਰੇਟ ਘਰਾਣਿਆਂ ਲਈ ਸੁਨਹਿਰੀ ਮੌਕਾ ਹੋ ਗਿਆ ਹੈ। ਉਨ੍ਹਾਂ ਨੇ ਮੰਗ ਕੀਤੀ ਕਿ ਕੋਰੋਨਾ ਨੂੰ ਕਾਬੂ ਕਰਨ ਦੇ ਨਾਂਅ ਹੇਠ ਲਾਏ ਕਰਫਿਊ ਤੇ ਲਾਕਡਾਊਨ ਆਦਿ ਖਤਮ ਕੀਤੇ ਜਾਣ ਅਤੇ ਇਸ ਦੇ ਨਾਲ ਆਕਸੀਜਨ, ਵੈਂਟੀਲੇਟਰਾਂ, ਦਵਾਈਆਂ, ਡਾਕਟਰਾਂ ਆਦਿ ਦੇ ਪੂਰੇ ਪ੍ਰਬੰਧ ਕੀਤੇ ਜਾਣ ਅਤੇ ਪ੍ਰਾਈਵੇਟ ਹਸਪਤਾਲਾਂ ਦੀ ਲੁੱਟ ਬੰਦ ਕਰਾਉਣ ਲਈ ਸਾਰੇ ਵੱਡੇ ਪ੍ਰਾਈਵੇਟ ਹਸਪਤਾਲਾਂ ਨੂੰ ਤੁਰੰਤ ਸਰਕਾਰੀ ਹੱਥਾਂ ਵਿੱਚ ਲੈ ਲਿਆ ਜਾਵੇ।

# ਕੈਪਟਨ ਵੱਲੋਂ ਸਫਾਈ, ਕਿਸਾਨ ਅੰਦੋਲਨ ਨੂੰ ਕਮਜ਼ੋਰ ਕਰਨ ਦਾ ਸਵਾਲ ਨਹੀਂ, ਕੋਰੋਨਾ ਬੰਦਿਸ਼ਾਂ ਜ਼ਰੂਰੀ

ਚੰਡੀਗੜ੍ਹ, 9 ਮਈ (ਪੋਸਟ ਬਿਊਰੋ)- ਇੱਕ ਦਿਨ ਪਹਿਲਾਂ ਚਿਤਾਵਨੀ ਦੇਣ ਤੋਂ ਬਾਅਦ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕੱਲ੍ਹ ਕਿਹਾ ਕਿ ਖੇਤੀ ਕਾਨੂੰਨਾਂ ਖਿਲਾਫ ਚੱਲਦੇ ਕਿਸਾਨ ਅੰਦੋਲਨ ਨੂੰ ਸਾਬੋਤਾਜ ਕਰਨ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ, ਪਰ ਕੋਰੋਨਾ ਦੇ ਕਾਰਨ ਬੰਦਿਸ਼ਾਂ ਦੀ ਉਲੰਘਣਾ ਦੀ ਇਜਾਜ਼ਤ ਨਹੀਂ ਦਿੱਤੀ ਜਾ ਸਕਦੀ।



ਮੁੱਖ ਮੰਤਰੀ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਖੁਦ ਵੀ ਇਨ੍ਹਾਂ ਕਾਨੂੰਨਾਂ ਦਾ ਸਖਤ ਵਿਰੋਧ ਕਰਦੀ ਹੈ, ਪਰ ਸੂਬੇ ਦੀ ਮੌਜੂਦਾ ਗੰਭੀਰ ਸਥਿਤੀ ਕਾਰਨ ਕਿਸੇ ਕੀਮਤ ਉੱਤੇ ਹਫਤਾਵਾਰੀ ਲਾਕਡਾਊਨ ਅਤੇ ਹੋਰ ਬੰਦਿਸ਼ਾਂ ਦਾ ਉਲੰਘਣ ਨਹੀਂ ਹੋਣ ਦਿੱਤਾ ਜਾਵੇਗਾ। ਉਨ੍ਹਾਂ ਦਾ ਇਹ ਬਿਆਨ ਕਿਸਾਨ ਯੂਨੀਅਨਾਂ ਵੱਲੋਂ ਕੀਤੀਆਂ ਟਿੱਪਣੀਆਂ ਉੱਤੇ ਆਇਆ ਹੈ। ਮੁੱਖ ਮੰਤਰੀ ਨੇ ਕਿਹਾ ਕਿ ਭਾਰਤੀ ਕਿਸਾਨ ਯੂਨੀਅਨ (ਏਕਤਾ-ਉਗਰਾਹਾਂ) ਤੇ ਭਾਰਤੀ ਕਿਸਾਨ ਯੂਨੀਅਨ (ਏਕਤਾ ਡਕੌਂਦਾ) ਦੇ ਨੇਤਾਵਾਂ ਨੇ ਕਿਸਾਨ ਅੰਦੋਲਨ ਬਾਰੇ ਉਨ੍ਹਾਂ ਦੇ ਇਰਾਦਿਆਂ ਉੱਤੇ ਸ਼ੰਕਾ ਪੈਦਾ ਕਰਨ ਲਈ ਉਨ੍ਹਾਂ ਦਾ ਬਿਆਨ ਗਲਤ ਢੰਗ ਨਾਲ ਪੇਸ਼ ਕੀਤਾ ਹੈ। ਮੁੱਖ ਮੰਤਰੀ ਨੇ ਪੁੱਛਿਆ ਕਿ ਉਨ੍ਹਾਂ ਦੀ ਸਰਕਾਰ ਕਿਸਾਨਾਂ ਦੇ ਖਿਲਾਫ ਕਿਵੇਂ ਜਾ ਸਕਦੀ ਹੈ, ਜਦੋਂ ਕਿ ਉਨ੍ਹਾਂ ਦੀ ਸਰਕਾਰ ਦੇਸ਼ ਵਿੱਚ ਪਹਿਲੀ ਸੀ, ਜਿਸ ਨੇ ਕੇਂਦਰ ਸਰਕਾਰ ਦੇ ਖਤਰਨਾਕ ਖੇਤੀ ਕਾਨੂੰਨਾਂ ਨੂੰ ਰੋਕਣ ਲਈ ਵਿਧਾਨ ਸਭਾ ਵਿੱਚ ਸੋਧ ਬਿੱਲ ਲਿਆਂਦੇ ਸਨ। ਉਨ੍ਹਾਂ ਕਿਹਾ ਕਿ ਜਿੱਥੇ ਤੱਕ ਕੇਂਦਰੀ ਕਾਨੂੰਨਾਂ ਦਾ ਸੰਬੰਧ ਹੈ, ਉਨ੍ਹਾਂ ਦੀ ਸਰਕਾਰ ਸਪੱਸ਼ਟ ਤੇ ਲਗਾਤਾਰ ਇਨ੍ਹਾਂ ਦੇ ਖਿਲਾਫ ਹੈ। ਮੁੱਖ ਮੰਤਰੀ ਨੇ ਕਿਸਾਨ ਨੇਤਾਵਾਂ ਨੂੰ ਬਿਆਨਾਂ ਨੂੰ ਰੰਗਤ ਨਾ ਦੇਣ ਦੀ ਅਪੀਲ ਕੀਤੀ ਤੇ ਦੁਹਰਾਇਆ ਕਿ ਕਿਸੇ ਨੂੰ ਵੀ ਲੋਕਾਂ ਦੀਆਂ ਜਾਨਾਂ ਨਾਲ ਖੇਡਣ ਦੀ ਆਗਿਆ ਨਹੀਂ ਦਿੱਤੀ ਜਾਵੇਗੀ।

## ਅਫਸਰੀ ਖਿੱਚੋਤਾਣ ਕਾਰਨ ਸੁਰੇਸ਼ ਕੁਮਾਰ ਨੂੰ ਪੀ ਐਚ ਡੀ ਡਿਗਰੀ ਦੇਣ ਦਾ ਫੈਸਲਾ ਟਲਿਆ

ਚੰਡੀਗੜ੍ਹ, 9 ਮਈ (ਪੋਸਟ ਬਿਊਰੋ)- ਪੰਜਾਬ ਦੀ ਬਿਊਰੋਕਰੇਸੀ ਵਿੱਚ ਖਿੱਚੋਤਾਣ ਰੁਕ ਨਹੀਂ ਲੈ ਰਹੀ। ਤਾਜ਼ਾ ਕੇਸ ਮੁੱਖ ਮੰਤਰੀ ਪੰਜਾਬ ਦੇ ਚੀਫ ਪ੍ਰਿੰਸੀਪਲ ਸੈਕਟਰੀ ਸੁਰੇਸ਼ ਕੁਮਾਰ ਨਾਲ ਜੁੜਿਆ ਹੈ।

ਪਤਾ ਲੱਗਾ ਹੈ ਕਿ ਪੰਜਾਬ ਐਗਰੀਕਲਚਰ ਯੂਨੀਵਰਸਿਟੀ ਵੱਲੋਂਸੁਰੇਸ਼ ਕੁਮਾਰ ਨੂੰ ਆਨਰੇਰੀ ਪੀ ਐਚ ਡੀ ਡਿਗਰੀ ਦੇਣ ਦੀ ਤਜਵੀਜ਼ ਨੂੰ ਪੀ ਏ ਯੂ ਦੇ ਬੋਰਡ ਨੇ ਹਾਲੇ ਟਾਲ ਦਿੱਤਾ ਹੈ। ਏਜੰਡੇ ਵਿੱਚ ਰੱਖੇ ਇਸ ਮਤੇ ਨੂੰ ਵੱਡੇ ਅਫਸਰਾਂ ਦੀ ਆਪਸੀ ਖਿੱਚੋਤਾਣ ਕਰ ਕੇ ਰੋਕਿਆ ਗਿਆ ਹੈ। ਕਿਉਂਕਿ ਵਾਈਸ ਚਾਂਸਲਰ ਨੇ ਸੁਰੇਸ਼ ਕੁਮਾਰ ਨੂੰ ਆਨਰੇਰੀ ਡਿਗਰੀ ਦੇਣ ਦੀ ਸਿਫਾਰਸ਼ ਕੀਤੀ ਸੀ ਅਤੇ ਇਸ ਮਤੇ ਨੂੰ ਉਨ੍ਹਾਂ ਦੇ ਕਾਰਨ ਰੋਕਿਆ ਨਹੀਂ ਮੰਨਿਆ ਜਾ ਸਕਦਾ। ਸਾਫ ਹੈ ਕਿ ਇਸ ਪਿੱਛੇ ਕੋਈ ਹੋਰ ਅਧਿਕਾਰੀ ਅਤੇ ਕਾਰਨ ਹੋਣਗੇ। ਮੁੱਖ ਮੰਤਰੀ ਦੇ ਚੀਫ ਪ੍ਰਿੰਸੀਪਲ ਸੈਕਟਰੀ ਸੁਰੇਸ਼ ਕੁਮਾਰ ਪੰਜਾਬ ਸਰਕਾਰ ਤੋਂ 2016 ਵਿੱਚ ਐਫ ਸੀ ਡੀ (ਫਾਈਨੈਂਸ਼ੀਅਲ ਕਮਿਸ਼ਨਰ ਵਿਕਾਸ) ਦੇ ਅਹੁਦੇ ਤੋਂ ਰਿਟਾਇਰ ਹੋਏ ਸਨ ਤੇ ਐਗਰੀਕਲਚਰ ਸੈਕਟਰ ਵਿੱਚ ਉਨ੍ਹਾਂ ਦੀ ਚੰਗੀ ਪਕੜ ਹੈ। ਪੰਜਾਬ ਦੇ ਕਿਸਾਨਾਂ ਨੂੰ ਕਰਜ਼ੇ ਵਿੱਚੋਂ ਰਾਹਤ ਦੇਣ ਦੀ ਯੋਜਨਾ ਪਿੱਛੇ ਵੀ ਸੁਰੇਸ਼ ਕੁਮਾਰ ਦਾ ਹੱਥ ਸੀ। ਉਨ੍ਹਾਂ ਦੀਆਂ ਇਨ੍ਹਾਂ ਸੇਵਾਵਾਂ ਬਦਲੇ ਪੰਜਾਬ ਐਗਰੀਕਲਚਰ ਯੂਨੀਵਰਸਿਟੀ ਵੱਲੋਂ ਆਨਰੇਰੀਪੀ ਐਚ ਡੀ ਡਿਗਰੀ ਦੇਣ ਦੀ ਸਿਫਾਰਸ਼ ਵਾਈਸ ਚਾਂਸਲਰ ਬੀ ਐਸ ਢਿੱਲੋਂ ਨੇ ਕੀਤੀ ਸੀ।

# ਲਿਬਨਾਨ ਵਿੱਚ ਸੱਤਰ ਹਜ਼ਾਰ ਦੀ ਨੌਕਰੀ ਦਾ ਝਾਂਸਾ ਦੇ ਕੇ 6.50 ਲੱਖ ਠੱਗੇ

ਜਲੰਧਰ, 9 ਮਈ (ਪੋਸਟ ਬਿਊਰੋ)- ਏਥੋਂ ਦੇ ਆਨੰਦ ਨਗਰ ਦੇ ਰਹਿਣ ਵਾਲੇ ਤੀਹ ਸਾਲ ਦੇ ਟੈਕਸੀ ਡਰਾਈਵਰ ਪੁਸ਼ਪ ਗਿੱਲ ਅਤੇ ਉਸ ਦੇ ਚਾਚੇ ਪਰਮਜੀਤ ਗਿੱਲ ਨੂੰ ਲਿਬਨਾਨ ਵਿੱਚ 70 ਹਜ਼ਾਰ ਦੀ ਨੌਕਰੀ ਦਿਵਾਉਣ ਦਾ ਝਾਂਸਾ ਦੇ ਕੇ 6.50 ਲੱਖ ਦੀ ਠੱਗੀ ਕਰਨ ਦੇ ਦੋਸ਼ ਵਿੱਚ ਥਾਣਾ ਡਵੀਜ਼ਨ ਨੰਬਰ ਇੱਕ ਦੀ ਪੁਲਸ ਨੇ ਕਾਲਾ ਬਕਰਾ ਦੀ ਨੀਲਮ ਗਿੱਲ, ਬੇਗੋਵਾਲ ਦੀ ਅਨੀਤਾ ਸਭਰਵਾਲ ਅਤੇ ਉਸ ਦੇ ਪਤੀ ਵਿੱਕੀ ਗਿੱਲ ਦੇ ਖਿਲਾਫ ਕੇਸ ਦਰਜ ਕੀਤਾ ਹੈ।

ਪੁਲਸ ਕਮਿਸ਼ਨਰ ਨੂੰ ਦਿੱਤੀ ਸ਼ਿਕਾਇਤ ਵਿੱਚ ਆਨੰਦ ਨਗਰ ਦੇ ਪੁਸ਼ਪ ਗਿੱਲ ਨੇ ਦਸਿਆ ਕਿ ਨੀਲਮ, ਅਨੀਤਾ ਤੇ ਵਿੱਕੀ ਉਨ੍ਹਾਂ ਦੇ ਰਿਸ਼ਤੇਦਾਰ ਹਨ। ਵਿੱਕੀ ਤੇ ਨੀਲਮ ਦਾ ਪਤੀ ਰਵੀ ਗਿੱਲ ਲਿਬਨਾਨ ਵਿੱਚ ਸੀ। ਉਨ੍ਹਾਂ ਨੇ ਦੱਸਿਆ ਕਿ ਉਹ ਲੋਕ ਲਿਬਨਾਨ ਵਿੱਚ ਚੰਗੀ ਨੌਕਰੀ ਦਿਵਾ ਦੇਣਗੇ ਤੇ ਤਨਖਾਹ ਸੱਤਰ ਹਜ਼ਾਰ ਰੁਪਏ ਹੋਵਗੀ। ਪੁਸ਼ਪ ਝਾਂਸੇ ਵਿੱਚ ਆ ਗਿਆ ਅਤੇ ਉਸ ਨੇ ਉਨ੍ਹਾਂ ਨਾਲ ਆਪਣੇ ਚਾਚੇ ਪਰਮਜੀਤ ਗਿੱਲ ਅਤੇ ਖੁਦ ਦੀ ਗੱਲ ਕੀਤੀ। ਸੌਦਾ 6.50 ਲੱਖ ਰੁਪਏ ਵਿੱਚ ਤੈਅ ਹੋਇਆ। ਦੋਵੇਂ ਲਿਬਨਾਨ ਪਹੁੰਚ ਗਏ ਅਤੇ ਉਥੇ ਪੰਜ ਹਫਤੇ ਰਹੇ। ਉਥੇ ਨਾ ਰਹਿਣ ਦੀ ਸਹੂਲਤ ਸੀ ਤੇ ਨਾ ਸੱਤਰ ਹਜ਼ਾਰ ਤਨਖਾਹ ਮਿਲੀ। ਜਦ ਉਨ੍ਹਾਂ ਨੇ ਆਪਣੇ ਪਾਸਪੋਰਟ ਮੰਗੇ ਤਾਂ ਵਿੱਕੀ ਧਮਕਾਉਣ ਲੱਗਾ, ਜਿਸ ਦੇ ਬਾਅਦ ਉਹ ਕਿਸੇ ਤਰ੍ਹਾਂ ਭਾਰਤ ਆ ਗਏ। ਪੁਸ਼ਪ ਗਿੱਲ ਨੇ ਦੋਸ਼ ਲਾਇਆ ਕਿ ਪਹਿਲਾਂ ਕੇਸ ਦੀ ਜਾਂਚ ਡੀ ਐਸ ਪੀ ਰੈਂਕ ਦੇ ਅਫਸਰ ਨੇ ਕੀਤੀ, ਪਰ ਉਨ੍ਹਾਂ ਦੀ ਸੁਣਵਾਈ ਨਹੀਂ ਹੋਈ। ਦੋਬਾਰਾ ਜਾਂਚ ਪਿੱਛੋਂ ਨੀਲਮ, ਅਨੀਤਾ ਅਤੇ ਵਿੱਕੀ ਦੇ ਖਿਲਾਫ ਕੇਸ ਹੋਇਆ ਹੈ।

# ਵੀਹ ਰੁਪਏ ਵਿੱਚ ਬਣਦਾ ਐਨ-95 ਮਾਸਕ 300 ਵਿੱਚ ਵਿਕਦੈ

ਲੁਧਿਆਣਾ, 9 ਮਈ (ਪੋਸਟ ਬਿਊਰੋ)- ਕੋਰੋਨਾ ਮਹਾਮਾਰੀ ਦੀ ਦੂਸਰੀ ਲਹਿਰ ਕਾਰਨ ਐਨ-95 ਮਾਸਕ ਦੀ ਮੰਗ ਕਾਫੀ ਵਧ ਗਈ ਹੈ। ਇਸ ਦੇ ਨਾਲ ਇਸ ਦੀ ਕੀਮਤ ਵੀ ਵਧ ਗਈ ਹੈ। ਮਸਾਂ 20 ਰੁਪਏ ਵਿੱਚ ਬਣਨ ਵਾਲਾ ਐਨ-95 ਮਾਸਕ ਨੱਬੇ ਤੋਂ ਤਿੰਨ ਸੌ ਰੁਪਏ ਤੱਕ ਵਿਕਦਾ ਹੈ, ਜਿਸ ਨੂੰ ਕੋਈ ਚੈੱਕ ਨਹੀਂ ਕਰ ਰਿਹਾ।



ਐਨ-95 ਮਾਸਕ ਮੈਡੀਕਲ ਟੂਲ ਹੈ ਅਤੇ ਇਸ ਨੂੰ ਸਿਰਫ ਦਵਾ ਵਿਕਰੇਤਾ ਵੇਚ ਸਕਦੇ ਹਨ, ਪਰ ਪੰਜਾਬ ਦੀ ਸਭ ਤੋਂ ਵੱਡੀ ਦਵਾ ਮਾਰਕੀਟ ਪਿੰਡੀ ਸਟਰੀਟ ਵਿੱਚ ਲੋਕ ਬੈਂਚ ਲਾ ਕੇ ਅਜਿਹੇ ਮਾਸਕ ਵੇਚ ਰਹੇ ਹਨ।ਬ੍ਰਾਂਡਿਡ ਮਾਸਕ ਵਿੱਚ 3-ਐਮ, ਰਾਮਸਨ, ਟਾਇਨੋਰ ਵਰਗੀਆਂ ਕੰਪਨੀਆਂ ਵਿੱਚ ਮਾਸਕ ਦੀ ਵੱਧ ਡਿਮਾਂਡ ਹੈ। ਇਹ ਮਾਪਦੰਡਾਂ ਉੱਤੇ ਖਰੇ ਹਨ। ਬੀਤੇ ਦਸੰਬਰ-ਜਨਵਰੀ ਵਿੱਚ ਕੋਰੋਨਾ ਦੀ ਪਹਿਲੀ ਲਹਿਰ ਸ਼ਾਂਤ ਹੋਣ ਪਿੱਛੋਂ ਬ੍ਰਾਂਡਿਡ ਐਨ-95 ਮਾਸਕ ਹੋਲਸੇਲ ਵਿੱਚ 15 ਰੁਪਏ ਦਾ ਮਿਲਦਾ ਸੀ। ਮਾਰਚ ਵਿੱਚ ਇਸ ਦੀ ਕੀਮਤ ਅਚਾਨਕ 25 ਰੁਪਏ ਹੋ ਗਈ। ਦੂਸਰੀ ਲਹਿਰ ਦੇ ਨਾਲ ਹੀ ਹੋਲਸੇਲ ਵਿੱਚ ਇਹ ਚਾਲੀ ਤੋਂ ਪੰਜਾਹ ਰੁਪਏ ਦਾ ਵਿਕਣ ਲੱਗ ਪਿਆ ਅਤੇ ਅੱਜਕੱਲ੍ਹ 300 ਦਾ ਵਿਕਦਾ ਹੈ। ਲੁਧਿਆਣਾ ਦੇ ਜ਼ੋਨਲ ਲਾਇਸੈਂਸ ਅਥਾਰਟੀ ਡਾਕਟਰ ਕੁਲਵਿੰਦਰ ਸਿੰਘ ਦੇ ਮੁਤਾਬਕ ਪਿਛਲੇ ਸਾਲ ਕੀਮਤਾਂ ਤੈਅ ਹੋਈਆਂ ਸਨ, ਪਰ ਇਸ ਸਾਲ ਅਜਿਹਾ ਨਹੀਂ ਹੈ। ਪਿਛਲੇ ਸਾਲ ਮਾਸਕ ਬਣਾਉਣ ਵਾਲੀਆਂ ਕੰਪਨੀਆਂ ਨਾ ਹੋਣ ਕਾਰਨ ਰੇਟ ਤੈਅ ਹੋਏ ਸਨ। ਅੱਜਕੱਲ੍ਹ ਲੁਧਿਆਣੇ ਵਿੱਚ ਦੋ ਦਰਜਨ ਤੋਂ ਵੱਧ ਵੱਡੀਆਂ ਕੰਪਨੀਆਂ ਐਨ-95 ਮਾਸਕ ਬਣਾ ਰਹੀਆਂ ਹਨ, ਇਸ ਲਈ ਮਾਸਕ ਦੀ ਕਮੀ ਨਹੀਂ ਅਤੇ ਖੁੱਲ੍ਹੇ ਭਾਅ ਉੱਤੇ ਵਿਕ ਰਹੇ ਹਨ।

ਜਲੰਧਰ ਵਿੱਚ ਮਾਸਕ ਨਿਰਮਾਤਾ ਕੰਪਨੀ ਅਤੇ ਵੀ ਐਮ ਏਜੰਸੀ ਦੇ ਮਾਲਕ ਲਲਿਤ ਮਹਿਤਾ ਅਨੁਸਾਰ ਐਨ-95 ਮਾਸਕ ਦੀ ਕੰਪਨੀ ਵਿੱਚ ਇਸ ਦੀ ਲਾਗਤ 15 ਤੋਂ ਵੀਹ ਰੁਪਏ ਪ੍ਰਤੀ ਪੀਸ ਹੈ ਅਤੇ ਹੋਲ ਸੇਲਰ ਨੂੰ ਚਾਲੀ ਤੋਂ ਪੰਜਤਾਲੀ ਰੁਪਏ ਪ੍ਰਤੀ ਪੀਸ ਵੇਚਿਆ ਜਾਂਦਾ ਹੈ। ਹੋਲ ਸੇਲ ਕੈਮਿਸਟ ਆਰਗੇਨਾਈਜ਼ੇਸ਼ਨ ਦੇ ਪ੍ਰਧਾਨ ਰਿਸ਼ੂ ਵਰਮਾ ਦਾ ਕਹਿਣਾ ਹੈ ਕਿ ਰਿਟੇਲਰ ਇਸ ਨੂੰ ਨੱਬੇ ਤੋਂ ਤਿੰਨ ਸੌ ਰੁਪਏ ਵਿੱਚ ਵੇਚਦੇ ਹਨ। ਇਸ ਦਾ ਕਾਰਨ ਇਹ ਹੈ ਕਿ ਇਸ ਦੀ ਐਮ ਆਰ ਪੀ ਪਿੱਚੋਂ 250 ਤੋਂ ਤਿੰਨ ਸੌ ਰੁਪਏ ਤੱਕ ਲਿਖ ਕੇ ਲਾਈ ਜਾ ਰਹੀ ਹੈ।

## ਓਮਾਨ ਤੋਂ ਬਚ ਕੇ ਆਈ ਔਰਤ ਨੇ ਕਿਹਾ: 17 ਘੰਟੇ ਕੰਮ ਕਰਵਾਉਂਦੇ ਸਨ, ਰੋਸ ਕਰੋ ਤਾਂ ਰੋਟੀ ਨਹੀਂ ਸੀ ਦੇਂਦੇ

ਜਲੰਧਰ, 9 ਮਈ (ਪੋਸਟ ਬਿਊਰੋ)- ਓਮਾਨ ਵਿੱਚ ਬੰਦੀ ਬਣਾਈ ਫਿਲੌਰ ਦੀ ਰੇਸ਼ਮਾ ਕਾਨਪੁਰ ਪੁਲਸ ਦੇ ਯਤਨਾਂ ਸਦਕਾ ਸ਼ੁੱਕਰਵਾਰ ਆਪਣੀ ਧੀ ਦੇ ਘਰ ਨਕੋਦਰ ਪੁੱਜ ਗਈ। ਏਥੇ ਪੁੱਜਣ ਮਗਰੋਂ ਉਹ ਆਪਣੀ ਧੀ ਅਤੇ ਬੱਚਿਆਂ ਨੂੰ ਮਿਲ ਕੇ ਜਜ਼ਬਾਤੀ ਹੋ ਗਈ। ਉਸ ਨੇ ਛੁਡਾਉਣ ਲਈ ਕਾਨਪੁਰ ਦੀ ਪੁਲਸ ਦਾ ਸ਼ੁਕਰੀਆ ਅਦਾ ਕੀਤਾ।

ਰੇਸ਼ਮਾ ਨੇ ਦੱਸਿਆ ਕਿ ਉਥੇ ਉਸ ਕੋਲੋਂ 17 ਘੰਟੇ ਕੰਮ ਕਰਵਾਇਆ ਜਾਂਦਾ ਸੀ ਤੇ ਰੋਸ ਕਰਨ ਉੱਤੇ ਰੋਟੀ ਪਾਣੀ ਬੰਦ ਕਰ ਦਿੰਦੇ ਸਨ। ਉਸ ਨੇ ਕਿਹਾ ਕਿ ਨੋਇਡਾ ਵਿੱਚ ਜਦੋਂ ਕਾਨਪੁਰ ਪੁਲਸ ਨੇ ਪੁੱਛਗਿੱਛ ਕੀਤੀ ਤਾਂ ਉਸ ਨੇ ਜਲੰਧਰ ਤੇ ਚੰਡੀਗੜ੍ਹ ਦੇ ਠੱਗ ਏਜੰਟਾਂ ਦੇ ਨਾਂਅ ਦੱਸ ਦਿੱਤੇ ਸਨ।ਰੇਸ਼ਮਾ ਮੁਤਾਬਕ ਉਹ ਫਿਲੌਰ ਵਿੱਚ ਕਿਰਾਏ ਦੇ ਘਰ ਵਿੱਚ ਰਹਿੰਦੀ ਸੀ। ਰੋਜ਼ਗਾਰ ਦੀ ਭਾਲ ਵਿੱਚ ਉਹ ਖਾੜੀ ਮੁਲਕ ਪੁੱਜੀ ਸੀ। ਉਸ ਨੇ ਦੱਸਿਆ ਕਿ ਓਮਾਨ ਵਿੱਚ ਉਸ ਦੀ ਸੁਪਰਵਾਈਜ਼ਰ ਆਸ਼ਾ ਨਾਂਅ ਦੀ ਔਰਤ ਸੀ, ਜਿਹੜੀ ਪਿੱਛੋਂ ਸ੍ਰੀਲੰਕਾ ਦੀ ਸੀ। ਆਸ਼ਾ ਨੇ ਉਸ ਨੂੰ ਬੰਦੀ ਬਣਾਇਆ ਸੀ। ਵਿਰੋਧ ਕਰਦੇ ਤਾਂ ਬੱਤੀ ਬੰਦ ਕਰ ਦਿੰਦੀ ਤੇ ਹਫਤੇ ਤੱਕ ਰੋਟੀ ਨਹੀਂ ਦਿੰਦੀ ਸੀ। ਉਥੇ ਉਸ ਤੋਂ ਝਾੜੂ ਅਤੇ ਪੋਚੇ ਦਾ ਕੰਮ ਲਿਆ ਜਾਂਦਾ ਸੀ। ਇੱਥੋਂ ਤੱਕ ਕਿ ਬਿਮਾਰ ਹੋਣ ਉੱਤੇ ਕਦੇ ਦਵਾਈ ਵੀ ਨਹੀਂ ਦਿੰਦੇ ਸਨ। ਹਰ ਪੱਖੋਂ ਉਸ ਦਾ ਉਥੇ ਬੁਰਾ ਹਾਲ ਸੀ।

# ਏ ਐਸ ਆਈ ਕਤਲ ਕਾਂਡ ਦਾ ਇੱਕ ਦੋਸ਼ੀ ਗ੍ਰਿਫਤਾਰ, ਦੂਜਾ ਫਰਾਰ

ਤਰਨ ਤਾਰਨ, 9 ਮਈ (ਪੋਸਟ ਬਿਊਰੋ)- ਲਗਭਗ ਸਾਢੇ ਛੇ ਮਹੀਨੇ ਪਹਿਲਾਂ ਕੱਕਾ ਕੰਡਿਆਲਾ ਨੇੜੇ ਇੱਕ ਏ ਐਸ ਆਈ ਦੇ ਕਤਲ ਦੀ ਗੁੱਥੀ ਜ਼ਿਲ੍ਹਾ ਪੁਲਸ ਨੇ ਸੁਲਝਾਲੈਣ ਦਾ ਦਾਅਵਾ ਕੀਤਾ ਹੈ।



ਇਸ ਵਾਰਦਾਤ ਵਿੱਚ ਪੁਲਸ ਲਾਈਨ ਵਿੱਚ ਰਹਿੰਦੇ ਏ ਐਸ ਆਈ ਗੁਰਦੀਪ ਸਿੰਘ ਨੂੰ ਪਿਸਤੌਲ ਨਾਲ ਗੋਲੀ ਮਾਰ ਕੇ ਮਾਰ ਦਿੱਤਾ ਗਿਆ ਸੀ, ਜਦੋਂ ਉਹ ਆਪਣੇ ਲੜਕੇ ਮਨਪ੍ਰੀਤ ਸਿੰਘ ਨਾਲ ਪੁਲਸ ਲਾਈਨ ਤੋਂ ਕੱਕਾ ਕੰਡਿਆਲਾ ਨੂੰ ਰਾਤ ਵੇਲੇ ਮੋਪੇਡ ਉੱਤੇ ਦਵਾਈ ਲੈਣ ਜਾ ਰਿਹਾ ਸੀ। ਮੋਟਰ ਸਾਈਕਲ ਉੱਤੇ ਆਏ ਦੋ ਹਥਿਆਰਬੰਦ ਕਾਤਲਾਂ ਨੇ ਉਨ੍ਹਾਂ ਦੀ ਮੋਪੇਡ ਰੋਕ ਕੇ ਉਸ ਦੇ ਲੜਕੇ ਮਨਪ੍ਰੀਤ ਸਿੰਘ ਦੇ ਸਿਰ ਵਿੱਚ ਲੋਹੇ ਦੀ ਰਾਡ ਮਾਰ ਕੇ ਉਸ ਦੀ ਜੇਬ ਵਿੱਚੋਂ ਮੋਬਾਈਲ ਤੇ 1000 ਰੁਪਏ ਕੱਢ ਲਏ ਅਤੇ ਜਦੋਂ ਏ ਐਸ ਆਈ ਗੁਰਦੀਪ ਸਿੰਘ ਆਪਣੇ ਲੜਕੇ ਦੇ ਬਚਾਅ ਲਈ ਅੱਗੇ ਆਇਆ ਤਾਂ ਮੁਲਜ਼ਮਾਂ ਨੇ ਉਸ ਉੱਤੇ ਗੋਲੀ ਚਲਾ ਦਿੱਤੀ, ਜਿਸ ਦੀ ਮੌਕੇ ਉੱਤੇਮੌਤ ਹੋ ਗਈ।ਐਸ ਪੀ (ਇਨਵੈਸਟੀਗੇਸ਼ਨ) ਡਾਕਟਰ ਮਹਿਤਾਬ ਸਿੰਘ ਨੇ ਦੱਸਿਆ ਕਿ ਇਸ ਵਾਰਦਾਤ ਦੀ ਡੀ ਐਸ ਪੀ (ਪੀ ਬੀ ਆਈ) ਰਵੀਸ਼ੇਰ ਸਿੰਘ ਵੱਲੋਂ ਕੀਤੀ ਜਾਂਚ ਦੇ ਬਾਅਦ ਜੋਬਨਜੀਤ ਸਿੰਘ ਬੌਬੀ ਵਾਸੀ ਬੰਡਾਲਾ (ਅੰਮ੍ਰਿਤਸਰ) ਅਤੇ ਲਵਦੀਪ ਸਿੰਘ ਵਾਸੀ ਨੌਨੇ ਨੂੰ ਨਾਮਜ਼ਦ ਕੀਤਾ ਗਿਆ ਤਾਂ ਜੋਬਨਜੀਤ ਸਿੰਘ ਨੂੰ ਗੁਰਦੁਆਰਾ ਸ਼ਹੀਦ ਬਾਬਾ ਸ਼ੇਰ ਸਿੰਘ ਦਮਦਮੀ ਟਕਸਾਲ ਮਹਿਤਾ, ਸਮਸਤਪੁਰ ਪਠਾਨਕੋਟ ਰੋਡ, ਜਲੰਧਰ ਤੋਂ ਗ੍ਰਿਫਤਾਰ ਕੀਤਾ ਹੈ।ਵਾਰਦਾਤ ਪਿੱਛੋਂ ਦੋਸ਼ੀ ਪੰਜਾਬ ਤੋਂ ਬਾਹਰ ਚਲੇ ਗਏ ਸਨ। ਦੋਸ਼ੀ ਲਵਦੀਪ ਸਿੰਘ ਅਜੇ ਫਰਾਰ ਹੈ। ਥਾਣਾ ਸਿਟੀ ਪੁਲਸ ਨੇ ਇਸ ਬਾਰੇ ਕੇਸ ਪਹਿਲਾਂ ਹੀ ਦਰਜ ਕੀਤਾ ਹੋਇਆ ਹੈ।

Steinmetz & Associates
PERSONAL INJURY LAWYERS



Harry Steinmetz
Certified as Specialist by the Law Society of Ontario in Civil Litigation
(with over 27yrs. of experience)



BOBBY SIDHU
partner
(Serving the Community for Over 16 yrs.)

ਕੀ ਐਕਸੀਡੈਂਟ ਵਿੱਚ ਤੁਹਾਡੇ ਸੱਟ ਲੱਗ ਗਈ ਹੈ?

ਮੁੱਫਤ ਸਲਾਹ ▪ ਫੀਸ ਸੈਟਲਮੈਂਟ ਹੋਣ ਤੋ ਬਾਅਦ

ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cycliust ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।

ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ।
ਜੇਕਰ ਤੁਸੀਂ ਆਪਣੀਆਂ ਮੌਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜਰ ਹਾਂ।

If you are hurt in Auto Accident, Slip & Fall or you have long Term Disability Claims
Protect yourself, Protect your family, Know your rights.
For exceptional service, benefits you are entitled to and a settlement you deserve, call the name you trust

You only pay upon settlement

GURSHARAN BOBBY SIDHU
647.539.3020

1450 Meyerside Drive, Suite 308, Mississauga
2 OFFICES TO SERVE YOU
55 St. Clair Ave., West, Toronto

email: bsidhu@steinmetzlawyers.ca website: www.steinmetzlawyers.ca

ਡਰਾਈਵਰਾਂ ਦੀ ਲੋੜ

ਰੰਗੀ ਬ੍ਰਦਰ ਲੌਜਿਸਟਿਕਸ ਕੈਲੇਡਨ ਤੋਂ ਸਾਊਥ ਵੈਸਟ ਲੌਂਗਹੌਲ ਰਨ ਵਾਸਤੇ ਓਹਾਇਓ, ਜੌਰਜੀਆ ਲਈ ਡਰਾਈਵਰ ਹਾਇਰ ਕਰ ਰਹੇ ਹਨ।

*58 ਸੈਂਟ ਪ੍ਰਤੀ ਮਾਈਲ *ਆਟੋਮੈਟਿਕ ਟਰੱਕ *ਘੱਟ ਤੋਂ ਘੱਟ 1 ਸਾਲ ਦਾ ਤਜ਼ਰਬਾ

ਜ਼ਿਆਦਾ ਜਾਣਕਾਰੀ ਲਈ ਜਗਜੀਤ ਢੀਂਡਸਾ ਨਾਲ ਸੰਪਰਕ ਕਰੋ

647-960-7989

ਵਰਕਰ ਦੀ ਲੋੜ

ਹੋਟਲ ਵਿਚ ਕਲੀਨਿੰਗ ਦਾ ਕੰਮ ਕਰਨ ਲਈ ਵਰਕਰ ਦੀ ਜ਼ਰੂਰਤ ਹੈ Dundas ਅਤੇ Hwy 27 ਦਾ ਏਰੀਆ, $16/hr ਦਿੱਤੇ ਜਾਣਗੇ, Full Time/Part Time ਕੰਮ।

ਸੰਪਰਕ: 416-816-1695

### ਕੋਰੋਨਾ ਬਾਰੇ ਸਰਕਾਰ ਨੇ ਨੀਤੀ ਬਦਲੀ:

## ਸ਼ੱਕੀ ਮਰੀਜ਼ ਵੀ ਕੋਵਿਡ ਸੈਂਟਰ ਵਿੱਚ ਦਾਖਲ ਹੋਣ ਸਕਣਗੇ, ਪਾਜ਼ੇਟਿਵ ਰਿਪੋਰਟ ਜ਼ਰੂਰੀ ਨਹੀਂ



ਨਵੀਂ ਦਿੱਲੀ, 9 ਮਈ (ਪੋਸਟ ਬਿਊਰੋ)- ਭਾਰਤ ਸਰਕਾਰ ਦੇ ਕੇਂਦਰੀ ਸਿਹਤ ਅਤੇ ਪਰਵਾਰ ਭਲਾਈ ਮੰਤਰਾਲੇ ਨੇ ਵੱਖ-ਵੱਖ ਸ਼੍ਰੇਣੀਆਂ ਦੇ ਕੋਵਿਡ ਦੇਖਭਾਲ ਕੇਂਦਰਾਂ ਵਿੱਚ ਕੋਵਿਡ ਮਰੀਜ਼ਾਂ ਦੇ ਦਾਖਲੇ ਦੀ ਕੌਮੀ ਨੀਤੀ ਬਾਰੇ ਸੋਧ ਕੀਤੀ ਤੇ ਇਸ ਬਾਰੇਰਾਜ ਸਰਕਾਰ ਨੂੰ ਅਹਿਮ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਹਨ।

ਇਸ ਸੰਬੰਧ ਵਿੱਚ ਸਾਰੇ ਰਾਜਾਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ ਨੂੰ ਜਾਰੀ ਨਿਰਦੇਸ਼ ਵਿੱਚ ਕਿਹਾ ਗਿਆ ਹੈ ਕਿ ਕੋਵਿਡ ਮਰੀਜ਼ਾਂ ਦਾ ਧਿਆਨ ਰੱਖਣ ਵਾਲੇ ਪ੍ਰਾਈਵੇਟ ਹਸਪਤਾਲਾਂ, ਕੇਂਦਰ ਸਰਕਾਰ, ਸੂਬਾਈ ਸਰਕਾਰਾਂ ਤੇ ਕੇਂਦਰ ਸ਼ਾਸਤ ਪ੍ਰਦੇਸਾਂ ਦੇ ਅਧਿਕਾਰੀਆਂ ਹੇਠਲੇ ਹਸਪਤਾਲ ਇਹ ਯਕੀਨੀ ਬਣਾਉਣ ਕਿ ਕੋਵਿਡ-19 ਦੇਖਭਾਲ ਕੇਂਦਰ ਵਿੱਚ ਦਾਖਲੇ ਲਈ ਕੋਰੋਨਾ ਪੀੜਤ ਹੋਣ ਦੀ ਰਿਪੋਰਟ ਜ਼ਰੂਰੀ ਨਹੀਂ, ਸ਼ੱਕੀ ਕੇਸ ਨੂੰ ਕੋਵਿਡ ਦੇਖਭਾਲ ਕੇਂਦਰ, ਸ਼ੱਕੀ ਰੋਗੀਆਂ ਦੇ ਵਾਰਡ, ਸਮਰਪਤ ਕੋਵਿਡ ਸਿਹਤ ਕੇਂਦਰ ਅਤੇ ਸਮਰਪਤ ਕੋਵਿਡ ਹਸਪਤਾਲ ਜੋ ਵੀ ਹੋਵੇ, ਉਥੇ ਭਰਤੀ ਕੀਤਾ ਜਾਵੇਗਾ। ਇਨ੍ਹਾਂ ਨਿਰਦੇਸ਼ਾਂ ਵਿੱਚ ਕਿਹਾ ਗਿਆ ਹੈ ਕਿ ਕਿਸੇ ਵੀ ਮਰੀਜ਼ ਨੂੰ ਸੇਵਾ ਦੇਣ ਤੋਂ ਇਨਕਾਰ ਨਹੀਂ ਕੀਤਾ ਜਾਵੇਗਾ, ਮਰੀਜ਼ ਭਾਵੇਂ ਕਿਸੇ ਸ਼ਹਿਰ ਦਾ ਹੋਵੇ, ਉਸ ਨੂੰ ਆਕਸੀਜਨ, ਦਵਾਈਆਂ ਜਾਂ ਹੋਰ ਡਾਕਟਰੀ ਸਹੂਲਤਾਂ ਦੇਣ ਤੋਂ ਨਾਂਹ ਨਹੀਂ ਕੀਤੀ ਜਾ ਸਕਦੀ।ਮੰਤਰ-ਾਲੇ ਨੇ ਇਹ ਵੀ ਕਿਹਾ ਹੈ ਕਿ ਹਸਪਤਾਲ ਵਿੱਚ ਦਾਖਲਾ ਯਕੀਨੀ ਤੌਰ ਉੱਤੇ ਲੋੜ ਆਧਾਰਤ ਹੋਣਾ ਚਾਹੀਦਾ ਹੈ। ਇਹ ਯਕੀਨੀ ਬਣਾਇਆ ਜਾਵੇ ਕਿ ਬੈਡ ਉਸ ਵਿਅਕਤੀ ਕਾਰਨ ਭਰਿਆ ਨਾ ਹੋਵੇ ਜਿਸ ਨੂੰ ਹਸਪਤਾਲ ਵਿੱਚ ਦਾਖਲ ਕਰਨ ਦੀ ਲੋੜ ਹੀ ਨਹੀਂ ਹੈ। ਹਸਪਤਾਲ ਤੋਂ ਛੁੱਟੀ ਵੀ ਸੋਧੀ ਹੋਈ ਨੀਤੀ ਹੇਠ ਦੇਣੀ ਚਾਹੀਦਾ ਹੈ।

# ਭਾਜਪਾ ਐਮ ਪੀ ਰਾਜੀਵ ਰੂਡੀ ਦੇ ਫੰਡ ਤੋਂ ਐਂਬੂਲੈਂਸਾਂ ਖਰੀਦਣ ਪਿੱਛੋਂ ਖੂੰਜੇ ਖੜ੍ਹੀਆਂ ਕੀਤੀਆਂ



ਛਪਰਾ (ਬਿਹਾਰ), 9 ਮਈ (ਪੋਸਟ ਬਿਊਰੋ)- ਬਿਹਾਰ ਦੇ ਮਧੇਪੁਰਾ ਤੋਂ ਸਾਬਕਾ ਪਾਰਲੀਮੈਂਟ ਮੈਂਬਰ ਅਤੇ ਜਨ ਅਧਿਕਾਰ ਪਾਰਟੀ ਦੇ ਪ੍ਰਧਾਨ ਰਾਜੇਸ਼ ਰੰਜਨ ਉਰਫ ਪੱਪੂ ਯਾਦਵ ਨੇ ਇੱਕ ਥਾਂ ਛਾਪਾ ਮਾਰ ਕੇ ਦੋ ਦਰਜਨ ਤੋਂ ਵੱਧ ਐਂਬੂਲੈਂਸਾਂ ਬਿਨਾਂ ਵਰਤੇ ਰੱਖੀਆਂ ਹੋਣ ਦਾ ਮਾਮਲਾ ਇਸ ਰਾਜ ਦੇ ਲੋਕਾਂ ਸਾਹਮਣੇ ਲਿਆਂਦਾ ਹੈ। ਇਹ ਸਾਰੀਆਂ ਐਂਬੂਲੈਂਸਾਂ ਸਾਰਨ ਲੋਕ ਸਭਾ ਹਲਕੇ ਤੋਂ ਭਾਜਪਾ ਦੇ ਪਾਰਲੀਮੈਂਟ ਮੈਂਬਰ ਰਾਜੀਵ ਪ੍ਰਤਾਪ ਰੂਡੀ ਦੇ ਫੰਡਾਂ ਨਾਲ ਖਰੀਦੀਆਂ ਗਈਆਂ ਸਨ।

ਮਿਲੀ ਜਾਣਕਾਰੀ ਅਨੁਸਾਰ ਇਨ੍ਹਾਂ ਐਂਬੂਲੈਂਸਾਂ ਉੱਤੇਰਾਜੀਵ ਪ੍ਰਤਾਪ ਰੂਡੀ ਦਾ ਨਾਂਅ ਲਿਖਿਆ ਹੋਇਆ ਸੀ ਅਤੇ ਪਾਰਲੀਮੈਂਟ ਮੈਂਬਰ ਹਲਕਾ ਵਿਕਾਸ (ਐਮ ਪੀ ਲੈਡ) ਫੰਡ ਵਿੱਚੋਂ ਖਰੀਦੀਆਂ ਸਨ। ਪੁਲਸ ਨੇ ਇੱਕ ਰੂਡੀ ਸਮਰਥਕ ਵੱਲੋਂ ਕੀਤੀ ਸ਼ਿਕਾਇਤ ਉੱਤੇਉਲਟਾ ਪੱਪੂ ਯਾਦਵ ਉੱਤੇ ਕੇਸ ਦਰਜ ਕਰ ਲਿਆ ਹੈ। ਪੱਪੂ ਯਾਦਵ ਪਰਸੋਂਆਪਣੇ ਸਮੱਰਥਕਾਂ ਨਾਲ ਅਚਾਨਕ ਉਸ ਥਾਂ ਪਹੁੰਚ ਗਏ, ਜਿੱਥੇ ਕਈ ਐਂਬੂਲੈਂਸਾਂ ਤਰਪਾਲਾਂ ਨਾਲ ਢੱਕ ਕੇ ਰੱਖੀਆਂ ਹੋਈਆਂ ਸਨ। ਉਨ੍ਹਾਂ ਕਿਹਾ ਕਿ ਲੋਕਾਂ ਨੂੰ ਆਪਣੇ ਮਰੀਜ਼ ਲਿਜਾਣ ਲਈ ਹਜ਼ਾਰਾਂ ਰੁਪਏ ਖਰਚਣੇ ਪੈ ਰਹੇ ਹਨ ਅਤੇ ਐਂਬੂਲੈਂਸਾਂ ਦੀ ਭਾਰੀ ਘਾਟ ਹੈ ਅਤੇ ਦੂਸਰੇ ਪਾਸੇ ਸਾਰਨ ਦੇ ਭਾਜਪਾ ਪਾਰਲੀਮੈਂਟ ਮੈਂਬਰ ਨੇ 100 ਐਂਬੂਲੈਂਸਾਂ ਬਿਨਾਂ ਵਰਤੇ ਖੜ੍ਹੀਆਂ ਕਰ ਰੱਖੀਆਂ ਹਨ। ਇਸ ਦੇ ਬਾਅਦ ਰਾਜੀਵ ਪ੍ਰਤਾਪ ਰੂਡੀ ਦੇ ਇੱਕ ਹਮਾਇਤੀ ਨੇ ਪੱਪੀ ਯਾਦਵ ਉੱਤੇ ਜਬਰੀ ਰਾਜੀਵ ਪ੍ਰਤਾਪ ਦੇ ਘਰ ਦਾਖਲ ਹੋਣ ਅਤੇ ਐਂਬੂਲੈਂਸ ਦੀ ਭੰਨ ਤੋੜ ਕਰਨ ਦਾ ਦੋਸ਼ ਲਾ ਕੇ ਪੁਲਸ ਨੂੰ ਸ਼ਿਕਾਇਤ ਕੀਤੀ ਹੈ। ਪੁਲਸ ਅਫਸਰ ਸੰਤੋਸ਼ ਕੁਮਾਰ ਨੇ ਦੱਸਿਆ ਕਿ ਕੱਲ੍ਹ ਅਮਨੌਰ ਥਾਣੇ ਵਿੱਚਪੱਪੂ ਯਾਦਵ ਦੇ ਖਿਲਾਫ ਕੇਸ ਦਰਜ ਕੀਤਾ ਗਿਆ ਹੈ।

ਇਸ ਕੇਸਬਾਰੇ ਪਾਰਲੀਮੈਂਟ ਮੈਂਬਰ ਰਾਜੀਵ ਪ੍ਰਤਾਪ ਰੂਡੀ ਨੇ ਕਿਹਾ ਕਿ ਕੋਰੋਨਾ ਮਹਾਮਾਰੀ ਦੌਰਾਨ ਡਰਾਈਵਰ ਨਾ ਮਿਲਣ ਕਾਰਨ ਉਨ੍ਹਾਂ ਨੇ ਐਂਬੂਲੈਂਸਾਂ ਖੜ੍ਹੀਆਂ ਕਰ ਰੱਖੀਆਂ ਹਨ। ਉਨ੍ਹਾਂ ਨੇ ਪੱਪੂ ਯਾਦਵ ਉੱਤੇ ਸਿਆਸਤ ਕਰਨ ਦਾ ਦੋਸ਼ ਲਾ ਕੇ ਉਨ੍ਹਾਂ ਨੂੰ ਡਰਾਈਵਰਾਂ ਦਾ ਪ੍ਰਬੰਧ ਕਰਨ ਦੀ ਚੁਣੌਤੀ ਦਿੱਤੀ। ਇਸ ਮਗਰੋਂ ਕੱਲ੍ਹ ਪੱਪੂ ਯਾਦਵ ਨੇ ਪਟਨਾ ਵਿਚਲੇ ਕੁਝ ਡਰਾਈਵਰਾਂ ਨਾਲ ਪ੍ਰੈਸ ਕਾਨਫਰੰਸ ਕਰ ਕੇ ਕਿਹਾ ਕਿ ਉਨ੍ਹਾਂ ਨੇ ਡਰਾਈਵਰਾਂ ਦਾ ਪ੍ਰਬੰਧ ਕਰ ਦਿੱਤਾ ਹੈ ਤੇ ਉਹ ਐਂਬੂਲੈਂਸ ਚਲਾਉਣ ਲਈ ਤਿਆਰ ਹਨ। ਇਸ ਦੇ ਬਾਅਦ ਰਾਜੀਵ ਪ੍ਰਤਾਪ ਜਾਂ ਭਾਜਪਾ ਦਾ ਕੋਈ ਆਗੂ ਨਹੀਂ ਬੋਲਿਆ।

ਪੰਜਾਬ ਦੇ ਕਿਸਾਨ ਆਗੂਆਂ ਨੇ ਸੁਪਰੀਮ ਕੋਰਟ ਨੂੰ ਅਪੀਲ ਕੀਤੀ ਹੈ ਕਿ ਐਮ ਪੀ ਲੈਡ ਫੰਡ ਵਿੱਚੋਂ ਖਰੀਦੀਆਂ ਦਰਜਨਾਂ ਨਵੀਆਂ ਸਰਕਾਰੀ ਐਂਬੂਲੈਂਸਾਂ ਭਾਜਪਾ ਦੇ ਪਾਰਲੀਮੈਂਟ ਮੈਂਬਰ ਤੇ ਸਾਬਕਾ ਕੇਂਦਰੀ ਮੰਤਰੀ ਰਾਜੀਵ ਪ੍ਰਤਾਪ ਰੂਡੀ ਦੇ ਘਰ ਦੇ ਪਿਛਵਾੜੇ ਕਬਾੜ ਦੀ ਹਾਲਤ ਵਿੱਚ ਮਿਲਣ ਦਾ ਅਦਾਲਤ ਨੋਟਿਸ ਲਵੇ ਅਤੇ ਪੁਲਸ ਨੂੰ ਇਸ ਬਾਰੇ ਕੇਸ ਦਰਜ ਕਰ ਕੇ ਕਾਰਵਾਈ ਕਰਨ ਦੇ ਨਿਰਦੇਸ਼ ਦਿੱਤੇ ਜਾਣ। ਪੰਜਾਬ ਕਿਸਾਨ ਯੂਨੀਅਨ ਦੇ ਪ੍ਰਧਾਨ ਰੁਲਦੂ ਸਿੰਘ ਮਾਨਸਾ ਨੇ ਕਿਹਾ ਕਿ ਅੱਜ ਜਦੋਂ ਕੋਰੋਨਾ ਸਾਹਮਣੇ ਮੋਦੀ ਸਰਕਾਰ ਪੂਰੀ ਤਰ੍ਹਾਂ ਨਾਕਾਮ ਸਿੱਧ ਹੋਈ ਹੈ ਤੇ ਕਈ ਮਰੀਜ਼ ਆਕਸੀਜਨ ਦੀ ਘਾਟ ਕਾਰਨ ਜਾਨਾਂ ਗੁਆ ਰਹੇ ਹਨ, ਓਦੋਂ ਜਿਨ੍ਹਾਂ ਐਂਬੂਲੈਂਸਾਂ ਨਾਲ ਮਰੀਜ਼ਾਂ ਨੂੰ ਹਸਪਤਾਲ ਪੰਚਾ ਕੇ ਉਨ੍ਹਾਂ ਦੀ ਜਾਨ ਬਚਾਉਣੀ ਸੀ, ਉਹ ਭਾਜਪਾ ਦੇ ਪਾਰਲੀਮੈਂਟ ਮੈਂਬਰ ਦੇ ਘਰ ਖੜੀਆਂ ਮਿਲਣ ਦੀ ਜਾਂਚ ਸੁਪਰੀਮ ਕੋਰਟ ਦੀ ਨਿਗਰਾਨੀ ਹੇਠ ਕਰਾਈ ਜਾਣੀ ਚਾਹੀਦੀ ਹੈ। ਟਿਕਰੀ ਮੋਰਚਾ ਕਮੇਟੀ ਦੀ ਮਹਿਲਾ ਆਗੂ ਜਸਬੀਰ ਕੌਰ ਨੱਤ ਨੇ ਕਿਹਾ ਕਿ ਇਸ ਘਟਨਾ ਨਾਲ ਫਿਰ ਜ਼ਾਹਿਰ ਹੋ ਗਿਆ ਹੈ ਕਿ ਮੋਦੀ ਸਰਕਾਰ ਦੇਸ਼ ਦੀ ਆਮ ਜਨਤਾ ਦੀ ਦੁਸ਼ਮਣ ਹੈ।

# ਭਾਰਤੀ ਹਾਕੀ ਨੇ ਕੋਰੋਨਾ ਦੇ ਕਾਰਨ ਇੱਕੋ ਦਿਨ ਦੋ ਓਲੰਪਿਕ ਖਿਡਾਰੀ ਗੁਆਏ



ਲਖਨਊ, 9 ਮਈ (ਪੋਸਟ ਬਿਊਰੋ)- ਭਾਰਤੀ ਹਾਕੀ ਟੀਮ ਨੂੰ ਮਾਸਕੋ ਦੇ ਓਲੰਪਿਕ ਵਿੱਚ ਗੋਲਡ ਮੈਡਲ ਦਿਵਾਉਣ ਵਾਲੇ ਰਵਿੰਦਰਪਾਲ ਸਿੰਘ ਅਤੇ ਐਮ ਕੇ ਕੌਸ਼ਿਕ ਦੀ ਇੱਕੋ ਦਿਨ ਕੋਰੋਨਾ ਨਾਲ ਮੌਤ ਹੋ ਗਈ ਹੈ।

ਰਵਿੰਦਰਪਾਲ ਸਿੰਘ ਕੋਰੋਨਾ ਵਾਇਰਸ ਤੋਂ ਪੀੜਤ ਹੋਣ ਕਾਰਨ ਵਿਵੇਕਾਨੰਦ ਹਸਪਤਾਲ ਵਿੱਚ ਭਰਤੀ ਸਨ। ਉਨ੍ਹਾਂ ਦਾ ਇਲਾਜ ਹਾਕੀ ਇੰਡੀਆ ਕਰਵਾ ਰਹੀ ਸੀ। ਰਵਿੰਦਰਪਾਲ ਦੀ ਮੌਤ ਦੀ ਖਬਰ ਖੇਡ ਮੰਤਰੀ ਕਿਰਨ ਰਿਜਿਜੂ ਨੇ ਟਵੀਟ ਕਰ ਕੇ ਦਿੱਤੀ ਅਤੇ ਕਿਹਾ ਕਿ ਮੈਨੂੰ ਇਹ ਜਾਣ ਕੇ ਬਹੁਤ ਦੁੱਖ ਹੋਇਆ ਹੈ ਕਿ ਰਵਿੰਦਰ ਪਾਲ ਸਿੰਘ ਕੋਰੋਨਾ ਖਿਲਾਫ ਜੰਗ ਹਾਰ ਗਏ ਹਨ। ਵਰਨਣ ਯੋਗ ਹੈ ਕਿ ਰਵਿੰਦਰ ਆਰਥਿਕ ਤੰਗੀ ਨਾਲ ਜੂਝ ਰਹੇ ਹੋਣ ਕਾਰਨ ਉਨ੍ਹਾਂ ਦੀ ਮਦਦ ਲਈ ਹਾਕੀ ਇੰਡੀਆ ਅੱਗੇ ਆਈ ਤੇ ਉਨ੍ਹਾਂ ਦੇ ਇਲਾਜ ਲਈ ਪੰਜ ਲੱਖ ਰੁਪਏ ਦੇਣ ਦਾ ਫੈਸਲਾ ਲਿਆ ਸੀ। ਇਸ ਨਾਲ ਉਨ੍ਹਾਂ ਦੇ ਘਰ ਵਾਲਿਆਂ ਨੇ ਯੂ ਪੀ ਸਰਕਾਰ ਨੂੰ ਵੀ ਮਦਦ ਦੀ ਬੇਨਤੀ ਕੀਤੀ ਸੀ। ਹਾਕੀ ਇੰਡੀਆ ਦੇ ਅਹੁਦੇਦਾਰਾਂ ਮੁਤਾਬਕ ਦਸ ਮਈ ਨੂੰ ਦਿੱਲੀ ਵਿੱਚ ਲਾਕਡਾਊਨ ਖੁੱਲ੍ਹਣ ਉੱਤੇ ਪੈਸਾ ਟਰਾਂਸਫਰ ਹੋਣਾ ਸੀ, ਪਰ ਪਰਵਾਰਕ ਸੂਤਰਾਂ ਮੁਤਾਬਕ ਰਵਿੰਦਰਪਾਲ ਦੀ ਕੋਰੋਨਾ ਰਿਪੋਰਟ ਨੈਗੇਟਿਵ ਆ ਗਈ ਤੇ ਵੀਰਵਾਰ ਨੂੰ ਉਹ ਨਾਨ ਕੋਵਿਡ ਵਾਰਡ ਵਿੱਚ ਸ਼ਿਫਟ ਹੋ ਗਏ, ਪਰ ਸ਼ੁੱਕਰਵਾਰ ਉਨ੍ਹਾਂ ਦੀ ਹਾਲਤ ਅਚਾਨਕ ਵਿਗੜ ਗਈ ਤੇ ਉਨ੍ਹਾਂ ਨੂੰ ਵੈਂਟੀਲੇਟਰ ਉੱਤੇ ਰੱਖਿਆ ਸੀ, ਜਿੱਥੇ ਉਨ੍ਹਾਂ ਦੀ ਮੌਤ ਹੋ ਗਈ।

ਇਸ ਦੌਰਾਨ ਸਾਬਕਾ ਹਾਕੀ ਖਿਡਾਰੀ ਅਤੇ ਕੋਚ ਐਮ ਕੇ ਕੌਸ਼ਿਕ ਦਾ ਤਿੰਨ ਹਫਤੇ ਤੱਕ ਕੋਵਿਡ-19 ਨਾਲ ਜੂਝਣ ਤੋਂ ਬਾਅਦ ਕੱਲ੍ਹ ਦਿਹਾਂਤ ਹੋ ਗਿਆ। ਉਹ 66 ਸਾਲ ਦੇ ਸਨ। ਉਨ੍ਹਾਂ ਦੇ ਪਰਵਾਰ ਵਿੱਚ ਪਤਨੀ ਤੇ ਪੁੱਤਰ ਹਨ। ਕੌਸ਼ਿਕ ਵੀ ਮਾਸਕੋ ਓਲੰਪਿਕ ਵਿੱਚ ਗੋਲਡ ਜਿੱਤਣ ਵਾਲੀ ਟੀਮ ਦੇ ਮੈਂਬਰ ਸਨ। ਸਾਲ 1984 ਦੇ ਲਾਸ ਏਂਜਲਸ ਓਲੰਪਿਕ ਵਿੱਚ ਖੇਡਣ ਵਾਲੇ ਰਵਿੰਦਰ ਪਾਲ ਸਿੰਘ ਨੇ ਵਿਆਹ ਨਹੀਂ ਕਰਵਾਇਆ ਸੀ। ਉਨ੍ਹਾਂ ਨੇ 1979 ਦੇ ਜੂਨੀਅਰ ਵਿਸ਼ਵ ਕੱਪ ਵਿੱਚ ਵੀ ਹਿੱਸਾ ਲਿਆ ਤੇ ਹਾਕੀ ਛੱਡਣ ਪਿੱਛੋਂ ਭਾਰਤੀ ਸਟੇਟ ਬੈਂਕ ਵਿੱਚੋਂਸਵੈ ਇੱਛੁਕ ਸੇਵਾ ਮੁਕਤੀ ਲੈ ਲਈ ਸੀ। ਸੀਤਾਪੁਰ ਵਿੱਚ ਜਨਮੇ ਰਵਿੰ-ਦਰ ਨੇ 1979 ਤੋਂ 1984 ਤੱਕ ਸੈਂਟਰ ਹਾਫ ਵਜੋਂ ਸ਼ਾਨਦਾਰ ਪ੍ਰਦਰਸ਼ਨ ਕੀਤਾ ਅਤੇ ਓਲੰਪਿਕ ਤੋਂ ਇਲਾਵਾ ਉਨ੍ਹਾਂ ਨੇ ਕਰਾਚੀ ਵਿੱਚ ਚੈਂਪੀਅਨਜ਼ ਟਰਾਫੀ (1980, 1983), 1983 ਵਿੱਚ ਹਾਂਗਕਾਂਗ ਵਿੱਚ ਸਿਲਵਰ ਜੁਬਲੀ 10-ਨੇਸ਼ਨ ਕੱਪ, 1982 ਵਿੱਚ ਮੁੰਬਈ ਵਿੱਚ ਵਿਸ਼ਵ ਕੱਪ ਅਤੇ ਕਰਾਚੀ ਵਿੱਚ 1982 ਏਸ਼ੀਆ ਕੱਪ ਵਿੱਚ ਭਾਰਤ ਵੱਲੋਂ ਹਿੱਸਾ ਲਿਆ ਸੀ।

ਐਮ ਕੇ ਕੌਸ਼ਿਕ ਨੇ ਭਾਰਤੀ ਸੀਨੀਅਰ ਮਰਦ ਅਤੇ ਮਹਿਲਾ ਟੀਮਾਂ ਨੂੰ ਕੋਚਿੰਗ ਦਿੱਤੀ ਸੀ। ਉਨ੍ਹਾਂ ਦੇ ਕੋਚ ਹੁੰਦਿਆਂ ਭਾਰਤੀ ਮਹਿਲਾ ਟੀਮ ਨੇ ਦੋਹਾ ਏਸ਼ੀਅਨ ਖੇਡਾਂ 2006 ਵਿੱਚ ਕਾਂਸੇ ਦਾ ਮੈਡਲ ਹਾਸਲ ਕੀਤਾ ਸੀ। ਉਨ੍ਹਾਂ ਨੂੰ 1998 ਵਿੱਚ ਅਰਜੁਨ ਪੁਰਸਕਾਰ ਤੇ 2002 ਵਿੱਚ ਦਰੋਣਾਚਾਰੀਆ ਐਵਾਰਡ ਨਾਲ ਸਨਮਾਨਤ ਕੀਤਾ ਗਿਆ ਸੀ।

### ਕੁਰੈਸ਼ੀ ਨੇ ਪਹਿਲੀ ਵਾਰ ਮੰਨਿਆ

# ਜੰਮੂ-ਕਸ਼ਮੀਰ ਤੋਂ ਧਾਰਾ 370 ਹਟਾਉਣਾ ਭਾਰਤ ਦਾ ਅੰਦਰੂਨੀ ਮਾਮਲਾ



ਇਸਲਾਮਾਬਾਦ, 9 ਮਈ (ਪੋਸਟ ਬਿਊਰੋ)- ਪਾਕਿਸਤਾਨ ਦੇ ਵਿਦੇਸ਼ ਮੰਤਰੀ ਸ਼ਾਹ ਮੁਹਿਮੂਦ ਕੁਰੈਸ਼ੀ ਨੇ ਇੱਕ ਨਿਊਜ਼ ਚੈਨਲ ਨਾਲ ਇੰਟਰਵਿਊ ਵਿੱਚ ਮੰਨਿਆ ਹੈ ਕਿ ਜੰਮੂ ਕਸ਼ਮੀਰ ਵਿੱਚੋਂ ਧਾਰਾ 370 ਹਟਾਉਣਾ ਭਾਰਤ ਦਾ ਅੰਦਰੂਨੀ ਮਾਮਲਾ ਹੈ। ਵਰਨਣ ਯੋਗ ਕਿ ਪਾਕਿਸਤਾਨ ਵੱਲੋਂ ਅਜੇ ਤੱਕ ਲਗਾਤਾਰ ਜੰਮੂ ਕਸ਼ਮੀਰ ਵਿੱਚੋਂ ਧਾਰਾ 370 ਨੂੰ ਹਟਾਉਣ ਦਾ ਵਿਰੋਧ ਕੀਤਾ ਜਾਂਦਾ ਰਿਹਾ ਹੈ, ਪਰ ਇਸ ਤੋਂ 21 ਮਹੀਨਿਆਂ ਬਾਅਦ ਓਥੋਂ ਦੇ ਵਿਦੇਸ਼ ਮੰਤਰੀ ਸ਼ਾਹ ਮਹਿਮੂਦ ਕੁਰੈਸ਼ੀ ਨੇ ਜਨਤਕ ਤੌਰ ਉੱਤੇਅਚਾਨਕ ਇਹ ਬਿਆਨ ਦੇ ਕੇ ਸਭ ਨੂੰ ਹੈਰਾਨ ਕਰ ਦਿੱਤਾ ਹੈ।

ਵਰਨਣ ਯੋਗ ਹੈ ਕਿ ਭਾਰਤ ਸਰਕਾਰ ਨੇ ਪੰਜ ਅਗਸਤ 2019 ਨੂੰ ਜੰਮੂ ਕਸ਼ਮੀਰ ਨੂੰ ਵਿਸ਼ੇਸ਼ ਦਰਜਾ ਦੇਣ ਵਾਲੀ ਧਾਰਾ 370 ਹਟਾਈ ਤਾਂ ਪਾਕਿਸਤਾਨ ਨੇ ਸਖਤ ਵਿਰੋਧ ਕਰਦਿਆਂ ਕੌਮਾਂਤਰੀ ਮੰਚਾਂ ਉੱਤੇ ਵੀ ਭਾਰਤ ਦੀ ਇਸ ਕਾਰਵਾਈ ਵਿਰੁੱਧ ਆਵਾਜ਼ ਉਠਾਈ ਸੀ। ਤਾਜ਼ਾ ਇੰਟਰਵਿਊ ਵਿੱਚ ਸ਼ਾਹ ਮਹਿਮੂਦ ਕੁਰੈਸ਼ੀ ਨੇ ਇਹ ਵੀ ਕਿਹਾ ਕਿ ਭਾਰਤ ਨੇ ਜੰਮੂ ਕਸ਼ਮੀਰ ਵਿੱਚੋਂ ਧਾਰਾ 370 ਅਤੇ 35-ਏ ਨੂੰ ਹਟਾ ਕੇ ਬਹੁਤ ਕੁਝ ਗਵਾਇਆ ਹੈ। ਉਨ੍ਹਾਂ ਨੇ ਕਿਹਾ ਕਿ ਅਸੀਂ 370 ਨੂੰ ਬਹੁਤਾ ਮਹੱਤਵ ਨਹੀਂ ਦਿੰਦੇ, ਸਾਨੂੰ 35-ਏ ਨੂੰ ਹਟਾਉਣ ਕਾਰਨ ਪ੍ਰੇਸ਼ਾਨੀ ਹੈ, ਕਿਉਂਕਿ ਇਸ ਨਾਲ ਕਸ਼ਮੀਰ ਦੇ ਭੂਗੋਲ ਤੇ ਆਬਾਦੀ ਦਾ ਸੰਤੁਲਨ ਬਦਲਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਭਾਰਤ ਦੀ ਇਸ ਕਾਰਵਾਈ ਨੂੰ ਪਾਕਿਸਤਾਨ ਸਰਕਾਰ ਨੇ ਚੁਣੌਤੀ ਦਿੱਤੀ ਹੈ ਅਤੇ ਸੁਪਰੀਮ ਕੋਰਟ ਵਿੱਚ ਇਸ ਮਾਮਲੇ ਬਾਰੇ ਸੁਣਵਾਈ ਵੀ ਚੱਲ ਰਹੀ ਹੈ। ਪਾਕਿ ਵਿਦੇਸ਼ ਮੰਤਰੀ ਨੇ ਕਿਹਾ ਕਿ ਦੋਵਾਂ ਦੇਸ਼ਾਂ ਵਿਚਾਲੇ ਗੱਲਬਾਤ ਤੋਂ ਇਲਾਵਾ ਹੋਰ ਕੋਈ ਰਸਤਾ ਨਹੀਂ, ਦੋਵੇਂ ਐਟਮੀ ਤਾਕਤਾਂ ਹਨ। ਉਨ੍ਹਾਂ ਕਿਹਾ ਕਿ ਭਾਰਤ-ਪਾਕਿ ਦੇ ਮਾਮਲੇ ਹੱਲ ਕਰਨ ਦਾ ਜੰਗ ਕੋਈ ਬਦਲ ਨਹੀਂ, ਜੰਗ ਨੂੰ ਖੁਦਕੁਸ਼ੀ ਕਿਹਾ ਜਾ ਸਕਦਾ ਹੈ, ਸਿਰਫ ਗੱਲਬਾਤ ਹੀ ਇੱਕੋ-ਇੱਕ ਹੱਲ ਹੈ ਤਾਂ ਮੁੱਦਿਆਂ ਨੂੰ ਬੈਠ ਕੇ ਹੱਲ ਕਰਨ ਵਾਲੇ ਪਾਸੇ ਦੋਵਾਂ ਨੂੰ ਵਧਣਾ ਚਾਹੀਦਾ ਹੈ।

## ਦੱਖਣੀ ਅਫਰੀਕੀਆਂ ਨੂੰ ਭਾਰਤੀ ਵਾਹਨ ਸਭ ਤੋਂ ਵੱਧ ਪਸੰਦ

ਜੋਹਨਸਬਰਗ, 9 ਮਈ (ਪੋਸਟ ਬਿਊਰੋ)- ਪਿਛਲੇ ਸਾਲ ਲੰਬੇ ਲਾਕਡਾਊਨ ਦੇ ਬਾਵਜੂਦ ਦੱਖਣੀ ਅਫਰੀਕਾ ਨੇ ਸਭ ਤੋਂ ਵੱਧ ਵਾਹਨਾਂ ਦੀ ਇੰਪੋਰਟ ਭਾਰਤ ਤੋਂ ਕੀਤੀ ਹੈ। ਇਹ ਜਾਣਕਾਰੀ ਵਾਹਨ ਬਾਜ਼ਾਰ ਬਾਰੇ ਇੱਕ ਤਾਜ਼ਾ ਰਿਪੋਰਟ ਤੋਂ ਪਤਾ ਲੱਗੀ ਹੈ, ਜਿਸ ਮੁਤਾਬਕ ਪਿਛਲੇ ਸਾਲ ਕੋਰੋਨਾ ਸੰਕਟ ਕਾਰਨ ਭਾਰਤੀ ਬਾਜ਼ਾਰਾਂ ਵਿੱਚ ਵਾਹਨਾਂ ਦੀ ਵਿਕਰੀ ਕੁੱਲ ਮਿਲਾ ਕੇ ਘਟੀ ਸੀ, ਪਰ ਦੱਖਣੀ ਅਫਰੀਕੀ ਬਾਜ਼ਾਰ ਵਿੱਚ ਭਾਰਤੀ ਵਾਹਨਾਂ ਦੀ ਜ਼ਬਰਦਸਤ ਮੰਗ ਰਹੀ।

ਦੱਖਣੀ ਅਫਰੀਕਾ ਦੀ ਆਟੋ-ਮੋਟਿਵ ਇੰਡਸਟਰੀ ਐਕਸਪੋਰਟ ਕੌਂਸਲ ਦੀ ਆਟੋਮੋਟਿਵ ਐਕਸਪੋਰਟ ਮੈਨੂਅਲ ਦੀ ਤਾਜ਼ਾ ਰਿਪੋਰਟ ਮੁਤਾ-ਬਕ ਦੁਨੀਆ ਦੇ ਕਈ ਵਾਹਨ ਨਿਰਮਾਤਾਵਾਂ ਨੇ ਭਾਰਤ ਨੂੰ ਐਂਟਰੀ ਅਤੇ ਸਮਾਲ ਕਾਰ ਕਾਰੋਬਾਰ ਵਿੱਚ ਮੈਨੂਫੈਕਚਰਿੰਗ ਦੇ ਮੁੱਖ ਕੇਂਦਰ ਵਜੋਂ ਕਾਇਮ ਕਰ ਦਿੱਤਾ ਹੈ।ਭਾਰਤ ਤੋਂ ਦੱਖਣੀ ਅਫਰੀਕਾ ਲਈ ਮੰਗਵਾਏ ਗਏ ਬਹੁਤੇ ਵਾਹਨ ਇਸੇ ਐਂਟਰੀ ਅਤੇ ਛੋਟੀ ਕਾਰ ਵਰਗ ਦੇ ਸਨ। ਇਸ ਸੈਗਮੈਂਟ ਵਿੱਚ ਪਿਛਲੇ ਸਾਲ ਫਾਕਸਵੈਗਨ ਦੀ ਪੋਲੋ ਵੀਵੋ ਕਾਰ ਇਕਲੌਤਾ ਅਜਿਹਾ ਵਾਹਨ ਸੀ, ਜਿਸ ਦੀ ਮੈਨੂਫੈਕਚਰਿੰਗ ਦੱਖਣੀ ਅਫਰੀਕਾ ਦੇ ਵਿੱਚਹੋਈ ਸੀ। ਰਿਪੋਰਟ ਮੁਤਾਬਕ ਭਾਰਤ ਤੋਂ ਦੱਖਣੀ ਅਫਰੀਕਾ ਵਿੱਚਸਾਲ 2020 ਦੌਰਾਨ 87953 ਵਾਹਨ ਮੰਗਵਾਏ ਗਏ, ਜੋ ਭਾਰਤਤੋਂ ਇੰਪੋਰਟ ਹੋਏ ਕੁੱਲ ਯਾਤਰੀ ਤੇ ਹਲਕੇ ਕਮਰਸ਼ੀਅਲ ਵਾਹਨਾਂ ਦਾ 432 ਫੀਸਦੀ ਸਨ। ਮਹਿੰਦਰਾ ਦੇ ਪਿਕਅਪ ਵਾਹਨਾਂ ਦੀ ਗਿਣਤੀ ਇੱਥੋਂ ਦੇ ਸਥਾਨਕ ਬਾਜ਼ਾਰ ਵਿੱਚ ਪਿਛਲੇ ਤਿੰਨ ਸਾਲਾਂ ਦੌਰਾਨ ਸਭ ਤੋਂ ਤੇਜ਼ੀ ਨਾਲ ਵਿਕਣ ਵਾਲੇ ਵਾਹਨਾਂ ਵਿੱਚ ਰਹੀ ਹੈ।

ਇਸ ਰਿਪੋਰਟ ਮੁਤਾਬਕ ਇੱਕ ਸੱਚ ਇਹ ਵੀ ਹੈ ਕਿ ਪਿਛਲੇ ਸਾਲ ਦੱਖਣੀ ਅਫਰੀਕਾ ਵਿੱਚ ਇਸ ਵਰਗ ਦੇ ਸਭ ਤੋਂ ਵੱਧ ਵਿਕਦੇ 10 ਬ੍ਰਾਂਡਾਂ ਵਿੱਚੋਂ 10 ਦੀ ਮੈਨੂਫੈਕਚਰਿੰਗ ਲੋਕਲ ਬਾਜ਼ਾਰ ਵਿੱਚ ਹੋਈ ਸੀ। ਦੱਖਣੀ ਅਫਰੀਕੀ ਬਾਜ਼ਾਰ 'ਚ ਲੋਕ ਪਿਕ ਅਪ ਚਲਾਉਣਾ ਵੱਧ ਪਸੰਦ ਕਰਦੇ ਹਨ। ਇਸ ਦਾ ਮੁੱਖ ਕਾਰਨ ਇਹ ਹੈ ਕਿ ਲੋਕਾਂ ਨੂੰ ਕਮਰਸ਼ੀਅਲ ਅਤੇ ਦੂਰ ਸੈਰ ਸਪਾਟੇ ਲਈ ਉਪਯੋਗੀ ਵਾਹਨ ਦੋਵਾਂ ਤਰ੍ਹਾਂ ਦੀ ਸਹੂਲਤ ਮਿਲ ਜਾਂਦੀ ਹੈ।

Century 21
President Realty Inc
Brokerage*
Independently Owned and Operated.
Jagdish Grewal
Sales Repersentative
Call Now: (416)-970-5005

Brampton $849,900
Missisauga Rd/Wanless Drive
3 +1 ਬੈੱਡਰੂਮ,2 storey,End unit Townhouse ਸਿਰਫ 3 ਸਾਲ ਪੁਰਾਣਾ,1821sq.Ft!, 9 Ft ceilings, ਹਾਰਡਵੁਡ ਫਲੋਰ,ਅਪਗ੍ਰੇਡ ਕਿਚਨ ਅਤੇ quartz counters Mt.Pleasant Go Station ਦੇ ਨੇੜੇ!

Brampton $859,900
Bramalea And Avondale
3 +1 ਬੈੱਡਰੂਮ, Semi-Detached, high demand area,upgraded ਬੈਡਰੂਮ ਵਾਲਾ ਸ਼ਾਨਦਾਰ ਲੇਆਉਟ ਘਰ ਹੋਰ ਬਹੁਤ ਸਾਰੀਆਂ ਸਹੂਲਤਾਂ!

Brampton $1,149,900
Torbram/Williams Parkway
4 +2 ਬੈੱਡਰੂਮ, 2-storey, Detached, 2 ਬੈਡਰੂਮ ਬੇਸਮੈਂਟ,ਫਾਇਰਪਲੇਸ ਵਾਲਾ ਫੈਮਿਲੀ ਰੂਮ ,ਹਰਡਵੁੱਡ ਮੇਨ ਫਲੋਰ , ਕਿਚਨ ਅਤੇ ਵਾਸ਼ਰੂਮਜ਼ ਵਿਚ ਕਵਾਰਟਜ਼ ਕਾਉਂਟਰ ਟੌਪਸ!

Brampton $3,485,999
Mcvean/Countryside
5 +1 ਬੈੱਡਰੂਮ,ਬਹੁਤ ਸਾਰੇ ਅਪਗ੍ਰੇਡ, Ceiling 10' 11' ,ਲੋਅਰ ਲੈਵਲ With Entertaining Room,ਨੈਨੀ, ਜਿੰਮ ਅਤੇ ਖੁੱਲੀ ਸਟੋਰੇਜ!

Oakville $999,990
Dundas & Eigth Line
3 ਬੈੱਡਰੂਮ,3 storey,End unit Townhouse,1975 Sq, ਅਪਗ੍ਰੇਡ ਕਿਚਨ ਅਤੇ quartz counters!

Brampton $599,900
Vodden/Kennedy
3 ਬੈੱਡਰੂਮ,Perfect Starter Home! ਬੱਸ ਸਰਵਿਸ, ਸਕੂਲ, ਪਾਰਕ ਅਤੇ Hwy 410 ਦੇ ਨੇੜੇ!

(416) 970-5005 www.vipcondonetwork.com
80 Maritime Ontario Blvd #246 Brampton, ON L6S 0E7 Call: 905-488-2100 Fax : 905-488-2101

# ਯੇਰੂਸ਼ਲਮ ਵਿੱਚ ਨਮਾਜ਼ ਤੋਂ ਬਾਅਦ ਹਿੰਸਾ ਵਿੱਚ 222 ਲੋਕ ਜ਼ਖਮੀ



ਯੇਰੂਸ਼ਲਮ, 9 ਮਈ (ਪੋਸਟ ਬਿਊਰੋ)- ਯੇਰੂਸ਼ਲਮ ਵਿੱਚ ਅਲ ਅਕਸਾ ਮਸਜਿਦ ਵਿੱਚ ਨਮਾਜ਼ ਦੇ ਬਾਅਦ ਹਿੰਸਾ ਭੜਕਣ ਕਾਰਨ 222 ਲੋਕ ਜ਼ਖਮੀ ਹੋ ਗਏ। ਇਸ ਦੌਰਾਨ ਨਮਾਜ਼ੀਆਂ ਅਤੇ ਇਸਰਾਈਲੀ ਪੁਲਸ ਵਿਚਾਲੇ ਜਬਰਦ-ਸਤ ਸੰਘਰਸ਼ ਹੋਇਆ, ਜਿਸ ਦੇ ਕਦਾਰਨ ਇਨ੍ਹਾਂ ਵਿੱਚੋਂ 83 ਲੋਕ ਗੰਭੀਰ ਜ਼ਖਮੀ ਹੋਏ ਹਨ।

ਰਮਜ਼ਾਨ ਦੇ ਮਹੀਨੇ ਫਲਸਤੀਨ ਅਤੇ ਇਸਰਾਈਲ ਪੁਲਸ ਵਿਚਾਲੇ ਕਈ ਵਾਰ ਟਕਰਾਅ ਹੋ ਚੁੱਕਾ ਹੈ। ਇਸ ਵਾਰ ਸ਼ੁੱਕਰਵਾਰ ਨੂੰ ਅਲ ਅਕਸਾ ਮਸਜਿਦ ਵਿੱਚ 70 ਹਜ਼ਾਰ ਲੋਕਾਂ ਦੀ ਭੀੜ ਸੀ। ਨਮਾਜ਼ ਦੇ ਬਾਅਦ ਅਚਾਨਕ ਹਿੰਸਾ ਸ਼ੁਰੂ ਹੋ ਗਈ। ਫਲਸਤੀਨੀਆਂ ਦੀ ਰੈਡ ਕ੍ਰਿਸੈਂਟ ਐਮਰਜੈਂਸੀ ਸਰਵਿਸ ਦੇ ਅਨੁਸਾਰ ਪੁਲਸ ਨੇ ਭੀੜ ਉੱਤੇ ਸਿੱਧੇ ਰਬੜ ਦੀਆਂ ਗੋਲੀਆਂ ਚਲਾਈਆਂ, ਜਿਸ ਕਾਰਨ ਜ਼ਿਆਦਾਤਰ ਨਮਾਜ਼ੀਆਂ ਦੇ ਚਿਹਰੇ ਅਤੇ ਅੱਖਾਂ ਵਿੱਚ ਸੱਟਾਂ ਲੱਗੀਆਂ ਹਨ। ਹਿੰਸਾ ਵਿੱਚ 17 ਪੁਲਸੀਏ ਵੀ ਜ਼ਖਮੀ ਹੋਏ ਹਨ। ਅਮਰੀਕਾ ਨੇ ਇਨ੍ਹਾਂ ਸੰਘਰਸ਼ਾਂ ਉੱਤੇ ਚਿੰਤਾ ਜ਼ਾਹਰ ਕਰਦੇ ਹੋਏ ਕਿਹਾ ਕਿ ਦੋਵਾਂ ਹੀ ਧਿਰਾਂ ਨੂੰ ਤਣਾਅ ਘੱਟ ਕਰਨ ਦੇ ਲਈ ਯਤਨ ਹੋਣੇ ਚਾਹੀਦੇ ਹਨ।

# ਇਤਿਹਾਸਕ ਰਾਮ ਮੰਦਰ ਵਿੱਚੋਂ ਮੂਰਤੀਆਂ ਤੇ ਸਾਮਾਨ ਚੋਰੀ



ਇਸਲਾਮਾਬਾਦ, 9 ਮਈ (ਪੋਸਟ ਬਿਊਰੋ)- ਪਾਕਿਸਤਾਨ ਦੀ ਰਾਜਧਾਨੀ ਇਸਲਾਮਾਬਾਦ ਤੋਂ ਕੁਝ ਦੂਰ ਕਸਬਾ ਸੈਯਦਪੁਰ ਦੇ ਇਤਿਹਾਸਕ ਰਾਮ ਮੰਦਰ ਤੋਂ ਅਣਪਛਾਤੇ ਲੋਕਾਂ ਨੇ ਭਗਵਾਨ ਸ੍ਰੀ ਰਾਮ, ਸੀਤਾ ਤੇ ਲਛਮਣ ਦੀਆਂ ਮੂਰਤੀਆਂ ਚੋਰੀ ਕਰ ਲਈਆਂ ਹਨ। ਇਸ ਦੀ ਸ਼ਿਕਾਇਤ ਮਿਲਣ ਦੇ ਬਾਵਜੂਦ ਪੁਲਸ ਨੇ ਕਾਰਵਾਈ ਨਹੀਂ ਕੀਤੀ।

ਜਾਣਕਾਰ ਸੂਤਰਾਂ ਦੇ ਅਨੁਸਾਰ ਕਸਬਾ ਸੈਯਦਪੁਰ ਦੇ ਇਤਿਹਾਸਕ ਸ੍ਰੀ ਰਾਮ ਮੰਦਰ ਬਾਰੇ ਮਾਨਤਾ ਹੈ ਕਿ ਭਗਵਾਨ ਸ੍ਰੀ ਰਾਮ ਆਪਣੇ ਵਣਵਾਸ ਦੌਰਾਨ ਸੀਤਾ ਮਾਤਾ ਅਤੇ ਭਰਾ ਲਛਮਣ ਨਾਲ ਇਥੇ ਆਏ ਅਤੇ ਇਥੇ ਉਨ੍ਹਾਂ ਨੇ ਡੁਬਕੀ ਲਾਈ ਸੀ। ਇਹ ਮੰਦਰ 16ਵੀਂ ਸ਼ਤਾਬਦੀ ਵਿੱਚ ਬਣਿਆ ਸੀ। ਤਦ ਤੋਂ ਇਹ ਮੰਦਰ ਹਿੰਦੂ ਭਾਈਚਾਰੇ ਦੇ ਨਾਲ ਮੁਸਲਿਮ ਫਿਰਕੇ ਲਈ ਵੀ ਆਸਥਾ ਦਾ ਕੇਂਦਰ ਬਣਿਆ ਹੋਇਆ ਸੀ।ਹਰ ਸਾਲ ਵਿਸਾਖੀ ਉੱਤੇ ਇਥੇ ਮੇਲਾ ਲੱਗਦਾ ਹੈ ਤੇ ਇੱਥੇ ਬਣੇ ਰਾਮ ਕੁੰਡ ਵਿੱਚ ਲੋਕ ਡੁਬਕੀ ਲਾਉਂਦੇ ਹਨ। ਮਾਨਤਾ ਹੈ ਕਿ ਰਾਮ ਕੁੰਡ ਵਿੱਚ ਡੁਬਕੀ ਲਾਉਣ ਨਾਲ ਚਮੜੀ ਦੇ ਰੋਗਾਂ ਤੋਂ ਮੁਕਤੀ ਮਿਲਦੀ ਹੈ। ਕੁਝ ਸਾਲਾਂ ਤੋਂ ਕੱਟੜਪੰਥੀਆਂ ਨੇ ਇਸ ਮੰਦਰ ਵਿੱਚ ਆਉਣ ਉੱਤੇ ਪਾਬੰਦੀ ਲਾ ਦਿੱਤੀ ਸੀ, ਜਿਸ ਕਾਰਨ ਇਹ ਮੰਦਰ ਕੇਵਲ ਵਿਸਾਖੀ ਉੱਤੇ ਖੋਲ੍ਹਿਆ ਜਾਂਦਾ ਸੀ। ਇਸ ਵਾਰ ਕੱਟੜਪੰਥੀਆਂ ਨੇ ਵਿਸਾਖੀ ਉੱਤੇਵੀ ਮੰਦਰ ਨੂੰ ਬੰਦ ਰੱਖਣ ਦੀ ਚਿਤਾਵਨੀ ਦਿੱਤੀ ਸੀ, ਜਿਸ ਕਾਰਨ ਇਹ ਮੰਦਰ ਵਿਸਾਖੀ ਉੱਤੇ ਵੀ ਬੰਦ ਰੱਖਿਆ ਗਿਆ। ਕੱਲ੍ਹ ਸਫਾਈ ਕਰਨ ਦੇ ਲਈ ਜਦ ਮੰਦਰ ਖੋਲ੍ਹਿਆ ਤਾਂ ਇਸ ਵਿੱਚੋਂ ਪ੍ਰਾਚੀਨ ਮੂਰਤੀਆਂ ਸਮੇਤ ਹੋਰ ਕੀਮਤੀ ਸਾਮਾਨ ਚੋਰੀ ਹੋ ਚੁੱਕਾ ਸੀ।


















# ਲੜਕੀ ਦੀ ਲੋੜ

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5''8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

ਜੱਟ ਸਿੱਖ ਗਰੇਵਾਲ ਲੜਕਾ, 1994, ਕੱਦ 6'2'', ਜੋ ਕਿ ਆਸਟ੍ਰੇਲੀਆ 'ਚ ਸਟੱਡੀ ਵੀਜ਼ੇ 'ਤੇ ਰਹਿ ਰਿਹਾ ਹੈ, ਲਈ ਕੈਨੇਡਾ ਤੋਂ ਲੜਕੀ ਦੀ ਲੋੜ ਹੈ। ਲੜਕੇ ਦੀ ਇਕ ਭੈਣ ਕੈਨੇਡਾ (ਟੋਰਾਂਟੋ) ਤੇ ਦੂਸਰੀ ਭੈਣ ਆਸਟ੍ਰੇਲੀਆ 'ਚ ਸੈਟਲਡ ਹੈ। ਲੜਕੇ ਦੇ ਮਾਤਾ ਜੀ ਸੁਪਰ ਵੀਜ਼ੇ 'ਤੇ ਕੈਨੇਡਾ ਆਏ ਹੋਏ ਹਨ। ਸੰਪਰਕ:-647-772-6650, ਵਟਸ ਐਪ ਨੰਬਰ:- 99156-62207

Match for Handsome Jat Sikh boy 40/5'10"(Issueless divorce), B.Tech, M.S (USA) Working in MNC as Senior Software Engineer in the USA. Family of Doctors and Engineers. Please respond with recent pics. Email match52020@gmail.com, Whats-app: +91-9815787350

ਕੈਨੇਡਾ ਵਿੱਚ ਵੈੱਲ ਸੈਟਲਡ, ਵਿੰਨੀਪੈਗ ਰਹਿ ਰਹੇ ਕੈਨੇਡਾ ਤੋਂ ਐਮਬੀਏ ਦੀ ਡਿਗਰੀ ਪ੍ਰਾਪਤ ਗੁਲਾਟੀ ਪਰਿਵਾਰ ਦੇ 29 ਸਾਲਾ ਲੜਕੇ, ਕੱਦ 6 ਫੁੱਟ 3 ਇੰਚ ਲਈ ਲੰਮੀਂ ਉੱਚੀ ਤੇ ਪੜ੍ਹੀ ਲਿਖੀ ਯੋਗ ਕੰਨਿਆ ਦੀ ਜ਼ਰੂਰਤ ਹੈ। ਤਰਨਤਾਰਨ ਵਿੱਚ ਪਰਿਵਾਰ ਦਾ ਜਿਊਲਰੀ ਦਾ ਕਾਰੋਬਾਰ ਹੈ। ਸੰਪਰਕ: 9815908662, 9815032106,416-817-4684.

ਜੱਟ ਸਿੱਖ ਧਨੋਆ ਲੜਕਾ, ਉਮਰ 27 ਸਾਲ ਕੱਦ 5'11'' ਮਿਕੈਨੀਕਲ ਇੰਜਨੀਅਰ ਅੰਮ੍ਰਿਤਧਾਰੀ ਵਿਜ਼ਿਟਰ ਵੀਜ਼ੇ ਉਤੇ ਆਏ, ਲਈ PR/Citizen/Studentਲੜਕੀ ਦੀ ਲੋੜ ਹੈ। ਲੜਕਾ ਆਪਣੇ ਮਾਮਾ-ਮਾਮੀ ਕੋਲ ਰਹਿ ਰਿਹਾ ਹੈ। ਤਲਾਕਸ਼ੁਦਾ ਉਤੇ ਵੀ ਗੌਰ ਕੀਤੀ ਜਾ ਸਕਦੀ ਹੈ। (Studentਦਾ ਖਰਚਾ ਵੀ ਕਰ ਸਕਦੇ ਹਾਂ) ਲੜਕੇ ਦਾ ਭਰਾ ਆਸਟ੍ਰੇਲੀਆ ਰਹਿ ਰਿਹਾ ਹੈ। ਸੰਪਰਕ: 416-708-4100

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5'10'', Dentist, MBAਆਸਟਰੇਲੀਆ ਵਿੱਚ ਵੱਰਕ ਪਰਮਿਟ ਤੇ ਰਹਿੰਦੇ ਲੜਕੇ ਲਈ ਵਧੀਆ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ :647-280-6503 । +91-98142-02918 (Whatsapp)

Seeking a suitable match for their son, never married, 43 years, 6' tall, fair, Ramdasia Gursikh, Amritdhari, Canadian citizen. Father class 1 retied officer and well settled family. Serious queries please respond on email sukhi_cancer@yahoo.com or call 416-721-5191 or 647-308-4411(contact after 5 pm)

# ਲੜਕੀ ਦੀ ਲੋੜ

ਕੈਨੇਡਾ ਵਿਚ ਵੈੱਲ ਸੈਟਲਡ ਪੀ.ਆਰ. ਲੜਕਾ, ਟਰੱਕਿੰਗ ਇੰਡਸਟਰੀ ਵਿਚ ਵਧੀਆ ਨੌਕਰੀ ਕਰ ਰਿਹਾ, ਉਮਰ 30 ਸਾਲ, ਕੱਦ 5'9'' ਲਈ ਕੈਨੇਡੀਅਨ ਪੀ.ਆਰ./ਸਿਟੀਜਨ, ਵਰਕ ਪਰਮਿਟ ਜਾਂ ਆਪਣੇ ਪਰਿਵਾਰ ਨਾਲ ਰਹਿ ਰਹੀ ਲੜਕੀ ਦੀ ਲੋੜ ਹੈ। ਲੜਕੇ ਦੀ ਭੈਣ ਕੈਨੇਡਾ ਵਿਚ ਆਪਣੇ ਪਰਿਵਾਰ ਨਾਲ ਰਹਿੰਦੀ ਹੈ। ਸੰਪਰਕ: 647-608-4013

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

ਵੈੱਲ ਸੈਟਲਡ ਪੰਜਾਬੀ ਅਰੋੜਾ ਪਰਿਵਾਰ ਦਾ ਪੀ.ਆਰ. ਲੜਕਾ, ਉਮਰ 34 ਸਾਲ, ਕੱਦ 6 ਫੁੱਟ, ਐੱਮ ਕੌਮ, ਐੱਲ.ਐੱਲ.ਬੀ., ਜੋ ਕਿ ਕਦੇ ਸਿਗਰਟ ਨਹੀਂ ਪੀਂਦਾ, ਸ਼ਾਕਾਹਾਰੀ, ਜਿਸਦਾ ਕਿ ਵਿਆਹ ਦੇ ਥੋੜੇ ਸਮੇਂ ਬਾਅਦ ਹੀ ਕਾਨੂੰਨੀ ਤੌਰ ਉਤੇ ਤਲਾਕ ਹੋ ਚੁੱਕਾ ਹੈ। ਨੋ ਰਿਲੇਸ਼ਨਸ਼ਿਪ, ਲੜਕਾ ਲੀਡਿੰਗ ਕੈਨੇਡੀਅਨ ਬੈਂਕ ਵਿਚ ਅਫਸਰ ਦੇ ਤੌਰ ਉਤੇ ਕੰਮ ਕਰ ਰਿਹਾ ਹੈ, ਲਈ ਪੜ੍ਹੀ ਲਿਖੀ ਕੈਨੇਡਾ/ਅਮਰੀਕਾ ਵਿਚ ਰਹਿੰਦੇ ਪਰਿਵਾਰ ਦੀ ਜੰਮਪਲ ਪਰਿਵਾਰਕ ਲੜਕੀ ਜਾਂ ਨਿਊ ਇਮੀਗ੍ਰਾਂਟ, ਪੀ.ਆਰ., ਸਟੂਡੈਂਟ, ਵਰਕ ਪਰਮਿਟ ਉਤੇ ਕੰਮ ਕਰ ਰਹੀ ਲੜਕੀ ਦੀ ਲੋੜ ਹੈ। ਬਹੁਤ ਘੱਟ ਸਮੇਂ ਲਈ ਵਿਆਹੀ ਜਾਂ ਕੁਆਰੀ ਲੜਕੀ ਨੂੰ ਪਹਿਲ। ਬਾਇਓਡਾਟਾ, ਫੋਟੋ ਜਾਂ ਵਟਸਐਪ ਕਾਲ ਕਰਨ ਲਈ ਸੰਪਰਕ: +1 9734209701 ਜਾਂ ਈਮੇਲ- ssjuneja@gmail.com

* ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5 ਫੁੱਟ 4 ਇੰਚ ਲਈ ਪਰਿਵਾਰਕ ਲੜਕੀ ਦੀ ਲੋੜ ਹੈ। ਲੜਕਾ ਪਿਛਲੇ 6 ਸਾਲਾਂ ਤੋਂ ਕੁਕਿੰਗ ਦਾ ਕੰਮ ਕਰਦਾ ਹੈ ਤੇ ਕੈਨੇਡਾ ਵਿਚ ਵਿਜ਼ਿਟਰ ਵੀਜ਼ੇ ਉਤੇ ਕੈਂਬਰਿਜ ਗੁਰਦੁਆਰਾ ਸਾਹਿਬ ਵਿਖੇ ਕੁੱਕ ਦੀ ਸੇਵਾ ਕਰਦਾ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:- 647-852-7532 ਅਤੇ 647-637-4035

* ਹਿੰਦੂ ਖਤਰੀ ਲੜਕਾ, ਕੱਦ 5'8'', ਉੱਮਰ 28 ਸਾਲ, ਰੰਗ ਸਾਫ, ਯੋਗਤਾ ਬੈਚਲਰ ਇਨ ਹੋਸਪੀਟੈਲਟੀ ਮਨੇਜਮੈਂਟ। ਓਬਰਾਏ, ਤਾਜ ਵਰਗੇ ਚੰਗੀ ਕੰਪਨੀਆਂ ਵਿਚ 8 ਸਾਲ ਕੰਮ ਦਾ ਤਜ਼ਰਬਾ ਅਤੇ ਇੰਡੀਆ ਵਿੱਚ ਚੰਗੀ ਜੋਬ ਕਰਦੇ ਲੜਕੇ ਲਈ ਕੈਨੇਡੀਅਨ ਪੀ ਆਰ ਜਾਂ ਵਰਕ ਪਰਮਟ ਹੋਲਡਰ ਲੜਕੀ ਦੀ ਲੋੜ ਹੈ। ਪੰਜਾਬ ਭਾਖੜਾ ਨੰਗਲ ਨਾਲ ਸੰਬੰਧ ਰੱਖਦੇ ਹਨ। ਵਧੇਰੀ ਜਾਣਕਾਰੀ ਲਈ ਕਾਲ ਜਾਂ ਵਟਸਐਪ ਕਰੋ:+91-94173-58712

* ਸੁੰਨਿਆਰਾ ਲੜਕਾ, ਉੱਮਰ 25 ਸਾਲ, ਕੱਦ 5'8'', ਕੈਨੇਡੀਅਨ ਸਿਟੀਜ਼ਨ, ਵੈਲ ਸੇਟਲਡ, ਆਪਣਾ ਕਾਰੋਬਾਰ ਲਈ ਕੈਨੇਡੀਅਨ/ਅਮਰੀਕਨ ਸਿਟੀਜਨ ਜਾਂ ਪੀ ਆਰ ਲੜਕੀ ਦੀ ਲੋੜ ਹੈ। ਸਟੂਡੈਂਟ ਜਾਂ ਵਰਕ ਪਰਮਟ ਹੋਲਡਰ ਵੀ ਸੰਪਰਕ ਕਰ ਸਕਦੇ ਹਨ। ਕਿਰਪਾ ਕਰਕੇ ਆਪਣੇ ਬਰਾਦਰੀ ਵਾਲੇ ਹੀ ਸੰਪਰਕ ਕਰਨ। ਕਾਲ : 647-739-3600 ।

* ਅਰੋੜਾ ਸਿੱਖ ਲੜਕਾ, ਉੱਮਰ 36 ਸਾਲ, ਕੱਦ 5'11',ਕੇਨੈਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰ ਰਹੇ ਲੜਕੇ ਲਈ ਘਰੇਲੂ ਅਤੇ ਪੀ ਆਰ/ ਵਰਕ ਪਰਮਿਟ ਲੜਕੀ ਦੀ ਲੋੜ ਹੈ। ਕਿਰਪਾ 30 ਤੋ ਵੱਧ ਉਮਰ ਦੀਆਂ ਲੜਕੀਆਂ ਹੀ ਸੰਪਰਕ ਕਰਨ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 431-998-8022

* ਜੱਟ ਸਿੱਖ ਲੜਕਾ, ਉੱਮਰ 27 ਸਾਲ, ਕੱਦ 5'11'', ਕੈਨੇਡਾ ਵਿਚ ਪੀ ਆਰ ਹੈ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਓਹੀ ਸੰਪਰਕ ਕਰਨ ਜੋ ਲੜਕੇ ਦੇ ਦੁਬਈ ਰਹਿੰਦੇ ਭਰਾ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ ਲੋਕਲ: (587)-936-0127 ਜਾਂ ਇੰਡੀਆ: +91-94179-16049

* ਜੱਟ ਸਿੱਖ ਲੜਕਾ, ਉੱਮਰ 28 ਸਾਲ, ਕੱਦ 5'7'', ਕੈਨੇਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੀ ਆਰ ਜਾਂ ਸਿਟੀਜਨ , ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਲੜਕੇ ਦਾ ਸਾਰਾ ਪਰਿਵਾਰ ਕੇਨੈਡਾ ਵਿੱਚ ਪੀ ਆਰ ਅਤੇ ਵਧੀਆ ਸੈਟਲਡ ਹੈ। ਪੰਜਾਬ ਤੋਂ ਮਾਝੇ ਜਿਲ੍ਹੇਂ ਨੂੰ ਪਹਿਲ ਦਿੱਤੀ ਜਾਵੇਗੀ। ਕਾਲ ਕਰੋ: 716-536-1939 ਜਾਂ ਵਟਸਐਪ ਕਰੋ: +91-98144-90449

ਇਕਲੌਤਾ ਲੜਕਾ ਅਰੋੜਾ ਖੱਤਰੀ ਸਿੰਘ, ਵੈਸ਼ਨੂੰ ਪਰਿਵਾਰ, ਪੂਰਨ ਗੁਰ ਸਿੱਖ, ਉਮਰ 24 ਸਾਲ, ਕੱਦ 5 ਫੁਟ 7 ਇੰਚ, ਇੰਗਲੈਂਡ ਦਾ ਚਾਰ ਸਾਲ ਦਾ ਸਟੱਡੀ ਵੀਜ਼ਾ ਮਿਲਿਆ ਹੋਇਆ ਹੈ, ਲਈ ਲੜਕੀ ਦੀ ਲੋੜ ਹੈ। ਮਾਤਾ ਆਸਟ੍ਰੇਲੀਆ ਵਿਚ ਨੈਨੀ ਬੇਸ 'ਤੇ ਗਈ ਹੈ, 2 ਸਾਲ ਦਾ ਵਰਕ ਪਰਮਿਟ। ਪਿਤਾ ਕਰੰਸੀ ਬਦਲੀ ਦਾ ਕੰਮ ਕਰਦਾ ਹੈ, ਪੰਜ ਦੁਕਾਨਾਂ ਕਿਰਾਏ ਉਤੇ ਹਨ, ਰੋਜ਼ ਦੀ 5000 ਆਮਦਨ। ਮੋਗਾ ਇਲਾਕੇ ਨੂੰ ਪਹਿਲ। ਸੰਪਰਕ : ਕੈਪਟਨ ਇਕਬਾਲ ਸਿੰਘ 647-631-9445




# ਲੜਕੇ ਦੀ ਲੋੜ

Beautiful,well educated, 28 years old Punjabi Lubana girl, BSc software engineering from London England,project management from Canada,currently working with Suncor Company,PR IN CANADA. Looking for Sikh Sardar well educated Boy,cast no Bar,from Canada. Contact number 3238 470 404

**"Jat Sikh family seeking suitable match for their daughter 37 year 6 ft. tall, well versed with both cultures. Born & raised in Canada, did her medicine degree & residency (double in Emergency & Internal Medicine) in USA. A green card holder and willing to come to Canada as the opportune prevail. Please contact (519) 351-8043 or B200348@gmail.com"**

Seeking a suitable match for Canadian born punjabi tonk kshatriya girl, 36 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਰਸੂਖ਼ਦਾਰ ਪੰਜਾਬੀ ਖੱਤਰੀ ਪਰਿਵਾਰ ਦੀ ਖੂਬਸੂਰਤ ਤੇ ਚੰਗੀ ਪੜ੍ਹੀ ਲਿਖੀ ਲੜਕੀ ਲਈ ਵੈੱਲਸੈਟਲਡ ਤੇ ਯੋਗ ਵਰ ਦੀ ਭਾਲ ਹੈ। ਲੜਕੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਜੀਆਈਐਸ ਐਂਡ ਰਿਮੋਟ ਸੈਂਸਿੰਗ ਵਿੱਚ ਪੋਸਟ ਗ੍ਰੈਜੂਏਟ ਹੈ। ਲੜਕੀ ਦੀ ਉਮਰ 29 ਸਾਲ, ਕੱਦ 5 ਫੁੱਟ 1 ਇੰਚ ਹੈ। ਲੜਕੀ ਸੁਸ਼ੀਲ ਤੇ ਪਰਿਵਾਰਪੱਖੀ ਸੋਚ ਰੱਖਣ ਵਾਲੀ ਹੈ। ਲੜਕੀ ਭਾਰਤ ਦੀ ਨਾਗਰਿਕ ਹੈ ਤੇ ਇਸ ਸਮੇਂ ਭਾਰਤ ਵਿੱਚ ਹੀ ਹੈ। ਭਰਾ ਦਾ ਪਰਿਵਾਰ ਸਥਾਈ ਤੌਰ ਉੱਤੇ ਟੋਰਾਂਟੋ ਸੈਟਲਡ ਹੈ। ਇਸ ਸਮੇਂ ਪਿਤਾ ਟੋਰਾਂਟੋ ਵਿੱਚ ਹਨ। ਸੰਪਰਕ : 416-890-2725 (ਪਿਤਾ), 416-457-8631 (ਭਰਾ), email- mthapar21@gmail.com

ਜੱਟ ਸਿੱਖ ਲੜਕੀ, 35 ਸਾਲ, ਕੱਦ 5'3'', ਵਿਜੀਟਰ ਵੀਜ਼ੇ ਤੇ ਆਈ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਪੀ ਆਰ ਲੜਕੇ ਦੀ ਲੋੜ ਹੈ। ਕਾਲ 647-456-1772

# ਲੜਕੇ ਦੀ ਲੋੜ

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com

ਜੱਟ ਸਿੱਖ ਗਿਲ ਲੜਕੀ, ਜਨਮ 1991, ਕੱਦ 5'-4'', Btech Electrical, ਕੈਨੇਡੀਅਨ ਪੀ ਆਰ ਲਈ ਗੁਰਸਿੱਖ, ਪੜੇ ਲਿੱਖੇ ਅਤੇ ਸੈਟਲਡ ਲੜਕੇ ਦੀ ਲੋੜ ਹੈ। ਲੜਕੀ ਦਾ ਸਾਰਾ ਪਰਿਵਾਰ ਇੰਡੀਆ ਵਿੱਚ ਰਹਿੰਦਾ ਹੈ। ਇੰਡੀਆ ਰਹਿੰਦੇ ਲੜਕੇ ਵੀ ਸੰਪਰਕ ਕਰ ਸਕਦੇ ਹਨ। ਸੰਪਰਕ ਕਰੋ: +91-94640-34653

Seeking a suitable match for Canadian born punjabi tonk kshatriya girl, 35 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਸਿੱਖ ਲੜਕੀ, ਉਮਰ 24 ਸਾਲ, ਕੱਦ 5 ਫੁਟ 3 ਇੰਚ, ਇੰਡੀਆ ਵਿਚ ਰਹਿੰਦੀ, ਯੋਗਤਾ ਐਮ.ਕਾਮ. ਤੇ ਕਾਲਜ ਵਿਚ ਲੈਕਚਰਾਰ ਦੀ ਨੌਕਰੀ ਕਰ ਰਹੀ ਹੈ। ਨੈਨੀ ਦਾ ਕੋਰਸ ਕੀਤਾ ਹੋਇਆ ਹੈ। ਰੰਗ ਸਾਫ਼, ਸੋਹਣੀ ਸੁਨੱਖੀ ਲੜਕੀ ਲਈ ਕੈਨੇਡੀਅਨ ਪੀ.ਆਰ. ਸਿੱਖ ਲੜਕੇ ਦੀ ਲੋੜ ਹੈ। ਜਾਤੀ ਬੰਧਨ ਨਹੀਂ। ਲੜਕੀ ਦੇ ਭੂਆ ਜੀ ਕੈਨੇਡਾ ਵਿਚ ਸੈਟਲਡ ਹਨ। ਸੰਪਰਕ: 905-749-1654

















WANTED

Panjabi Nannies, Caregivers, Cleaning ladies and Cooks for GTA. Please contact at the earliest at: 416-275-7010



